ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

( Pure love leads to God )

**Guru Gobind Singh Ji**

*Saint-Warrior*

***Birth Anniversary***

***January 5, 2000***

- Guru Gobind Singh Ji was the tenth Guru of Sikhs.
- He considered Himself as a servant of the Almighty.
- He created 'Khalsa' which means pure and noble.
- To protect Truth, He was forced to fight many battles - but only as a last resort.
- He encouraged Sikhs to offer water and first-aid even to enemy soldiers who were injured.
- Before leaving this world, He installed the 'Holy Granth' as the true & permanent Guru of Sikhs. This contains prayers recited by Sikh Gurus and 30 Indian Saints of different castes.

**Guru Gobind Singh Ji's message**

- All persons belong to a universal brotherhood.
- Never hesitate from doing good deeds.
- Even a split second of single-minded devotion to God can liberate a person.



# ਅੰਮ੍ਰਿਤ ਕੀਰਤਨ

ੴ

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਜਨਵਰੀ 2000 ★ ਮੁੱਲ : 10 ਰੁਪਏ

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ)
ਪੀ.ਐਚ.ਡੀ.
ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੇਦਵਾਣ**
ਐਮ.ਏ., ਪੀ.ਐਚ.ਡੀ.
ਸਹਿਯੋਗੀ
**ਸ. ਹਰਭਜਨ ਸਿੰਘ**
**ਸ. ਜੋਤਿੰਦਰ ਸਿੰਘ**
**ਸ. ਉੱਤਮ ਸਿੰਘ**



'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।



**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ, ਚੰਡੀਗੜ੍ਹ - 160 015
ਫੋਨ: 0172 - 772660



ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ:-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

Donations are eligible for relief u/s 80 G of Income-Tax Act, 1961, vide CIT/ CHD/80-G/78/Tech. Dated 30-7-1999 valid upto 31-3-2001

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਐੱਸ ਸੀ ਐੱਫ. 107, ਫੇਜ਼-7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

Layout: *sohal specials* (Pager: 9610 - 8677)

ਅੰਕ 1 ◆ ਸਾਲ ਬਾਰ੍ਹਵਾਂ ◆ ਜਨਵਰੀ 2000



2 ਮਿਤ੍ਰੁ ਅਸਾਡੜੇ ਸੇਈ

3 ਕਰਉ ਬੇਨੰਤੀਆ

5 ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤੀ ਸੰਗੀਤ ਨੂੰ ਦੇਣ
■ ਯੋਗੇਂਦਰ ਪਾਲ ਸ਼ਰਮਾ, ਡਾ. ਬਚਿੱਤਰ ਸਿੰਘ

9 ਪੂਰੇ ਗੁਰ ਕੀ ਦੇਖ ਵਡਾਈ... ਦੇਖਾ ਹੀ ਪਰਵਾਨੁ
■ ਰਮੇਸ਼ ਸਿੰਘ

14 ਸਿੱਖ ਧਰਮ ਵਿੱਚ ਕੀਰਤਨ ਮਰਯਾਦਾ...
■ ਡਾ. ਜਾਗੀਰ ਸਿੰਘ

19 ਗੁਰ ਸ਼ਬਦ ਕੀਰਤਨ ■ ਨਵਤੇਜ ਸਿੰਘ

21 ਓਐਂਕਾਰ (ੴਕਾਰ) ■ ਸੋਹਿੰਦਰ ਸਿੰਘ ਵਣਜਾਰਾ ਬੇਦੀ

22 ਸਾਜ਼ ■ ਗਿਆਨੀ ਕੁੰਦਨ ਸਿੰਘ 'ਪਤੰਗ'

28 Ritualism is Unacceptable
■ Sujan Singh

30 Concept of Amrit ■ Tarninder Singh

32 ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ ■ ਮਨਮੋਹਨ ਸਿੰਘ

34 ਸੁਰ ਲਿਪੀਆਂ ■ ਭਾਈ ਸੁਬੇਗ ਸਿੰਘ ■ ਪ੍ਰੋ. ਤਾਰਾ ਸਿੰਘ

36 ਗੁਰਮੁਖ ਢੂਢ ਢੂਢੇਦਿਆਂ (Free Matrimonial Service)



ਕਵਰ ਚਿੱਤਰਕਾਰ : ਗੁਰਦੀਪ ਸਿੰਘ 'ਦੀਪ'
Cover Write-up : Satnam Kaur, Mumbai


### ਚੰਦੇ ਦਾ ਵੇਰਵਾ

| | |
|---|---|
| **ਦੇਸ਼** | |
| ਇਕ ਕਾਪੀ | 10 ਰੁਪਏ |
| ਸਲਾਨਾ | 100 ਰੁਪਏ |
| ਜੀਵਨ ਮੈਂਬਰ (15 ਸਾਲ) | 1000 ਰੁਪਏ |
| **ਵਿਦੇਸ਼** | |
| ਸਲਾਨਾ | 20 $ |
| ਜੀਵਨ ਮੈਂਬਰ (15 ਸਾਲ) | 200 $ |

### ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 3000 ਰੁਪਏ |
| ਕਵਰ ਦੇ ਅੰਦਰਲੇ ਪੰਨੇ | 2000 ਰੁਪਏ |
| ਸਾਧਾਰਨ ਪੂਰਾ ਪੰਨਾ | 1000 ਰੁਪਏ |

# ਮਿਤ੍ਰ ਅਸਾਡੜੇ ਸੇਈ

★ 'ਅੰਮ੍ਰਿਤ ਕੀਰਤਨ' ਪਰਚਾ ਪੁੱਜਾ ਬਹੁਤ ਧੰਨਵਾਦੀ ਹਾਂ ਆਪ ਜੀ ਨੇ ਜੋ 'ਕਰਉ ਬੇਨੰਤੀਆ' ਦੇ ਸਿਰਲੇਖ ਥੱਲੇ ਵੀਰ ਆਗਿਆਪਾਲ ਸਿੰਘ ਬਾਰੇ ਲਿਖਿਆ ਹੈ ਇਹ ਆਪਦੇ ਦਿਲੀ ਪਿਆਰ ਦਾ ਪ੍ਰਗਟਾਵਾ ਹੈ। ਪੜ੍ਹਕੇ ਦਿਲ ਪ੍ਰਸੰਨ ਹੋਇਆ ਹੈ।

*- ਮੇਜਰ ਬਲਵੰਤ ਸਿੰਘ / ਜਮਨਾਨਗਰ*

★ 'ਅੰਮ੍ਰਿਤ ਕੀਰਤਨ' ਨਿਰੰਤਰ ਮਿਲ ਰਿਹਾ ਹੈ। ਅੱਜ ਦੇ ਜ਼ਮਾਨੇ 'ਚ ਅਜਿਹੀ ਵੱਡਮੁੱਲੀ ਅਤੇ ਉਸਾਰੂ ਸੋਚ-ਦ੍ਰਿਸ਼ਟੀ ਵਾਲਾ ਮੈਗਜ਼ੀਨ ਕੱਢਣਾ/ਛਾਪਣਾ ਅਤੇ ਫਿਰ ਲੋਕਤਾ ਨੂੰ ਅਰਪਣ ਕਰਨਾ; ਕੋਈ ਸੌਖਾ ਕਾਰਜ ਨਹੀਂ ਹੈ। ਬਹੁਤ ਸਾਰੇ ਹੋਰ ਮੈਗਜ਼ੀਨ ਵੇਖੇ-ਪੜ੍ਹੇ ਨੇ, ਜੋ ਸਿਰਫ ਕੁਝ ਇੱਕ ਸ਼ਖਸੀਅਤਾਂ ਦੇ ਨਾਮ ਮਸ਼ਹੂਰ ਕਰਨ ਹਿੱਤ ਜੋ ਕੁਝ ਇੱਕ ਅਹੁੱਦੇਦਾਰੀਆਂ ਦੀ ਪ੍ਰਾਪਤੀ ਲਈ ਯੋਗਤਾ ਪ੍ਰਾਪਤ ਕਰਨ ਹਿੱਤ ਛਾਪੇ, ਵੰਡੇ ਅਤੇ ਪ੍ਰਚਾਰੇ ਜਾਂਦੇ ਹਨ। ਪਰੰਤੂ 'ਅੰਮ੍ਰਿਤ ਕੀਰਤਨ' ਆਪਣੇ ਆਰੰਭਲੇ ਅੰਕਾਂ ਤੋਂ ਲੈ ਕੇ ਹੁਣ (ਨਵੰਬਰ 1999) ਦੇ ਅੰਕ ਤੱਕ ਮਾਨਵਜਾਤੀ ਦੀ ਸੇਵਾ, ਉਸ ਵਿੱਚ ਅਧਿਆਤਮਕ ਚੇਤਨਾ ਅਤੇ ਚਿੰਤਨ ਦੀ ਜੋਤ ਜਗਾ ਰਿਹਾ ਹੈ। 'ਕਰਉ ਬੇਨੰਤੀਆ' 'ਚ ਡੂੰਘੇ ਅਨੁਭਵਾਂ ਦਾ ਪ੍ਰਗਟਾਵਾ ਕੀਤਾ ਗਿਆ ਹੁੰਦਾ ਹੈ। ਵਿਭਿੰਨ ਸਿਰਲੇਖਾਂ ਦੇ ਅੰਤਰਗਤ ਵੱਖ-ਵੱਖ ਵਿਦਵਾਨਾਂ ਵਲੋਂ ਅੰਤਰ ਅਨੁਸ਼ਾਸਨੀ ਵਿਧੀ ਨਾਲ, ਵਿਭਿੰਨ ਧਰਮਾਂ ਦੀ ਫਿਲਾਸਫੀ ਦਾ ਵਿਵਰਣ ਪ੍ਰਸਤੁਤ ਕੀਤਾ ਗਿਆ ਹੁੰਦਾ ਹੈ। ਗੁਰਮਤਿ ਵਿਚਾਰ-ਧਾਰਾ ਸੰਬੰਧੀ ਨਿਬੰਧ ਉੱਤਮ ਖੋਜ ਦਾ ਨਮੂਨਾ ਪ੍ਰਸਤੁਤ ਕਰਦੇ ਪ੍ਰਤੀਤ ਹੁੰਦੇ ਹਨ। ਗੁਰਮਤਿ ਸੰਗੀਤ ਨਾਲ ਜੁੜੀਆਂ ਸ਼ਖਸ਼ੀਅਤਾਂ ਬਾਬਤ ਜੀਵਨੀ-ਮੂਲਕ ਨਿਬੰਧ ਵਿਸ਼ੇਸ਼ ਜਾਣਕਾਰੀ ਦੇ ਸਰੋਤ ਹਨ ਅਤੇ ਪ੍ਰਸ਼ੰਸ਼ਾਯੋਗ ਹਨ। ਲੋਕ-ਸਾਜ਼ ਸੰਬੰਧੀ ਪ੍ਰਸਤੁਤ ਕੀਤੀ ਜਾ ਰਹੀ ਜਾਣਕਾਰੀ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲਣ ਯੋਗ ਹੈ। ਇਨ੍ਹਾਂ ਬਾਬਤ ਕੁਝ ਹੋਰ ਵਿਸਤਾਰਮਈ ਜ਼ਿਕਰ ਦੀ ਲੋੜ ਹੈ। 'ਪੁਸਤਕ ਸਮੀਖਿਆ' ਸੈਕਸ਼ਨ ਅਤਿ ਸਲਾਹੁਣਯੋਗ ਹੈ, ਇਸ ਨਾਲ ਲੇਖਕ, ਪਾਠਕ ਅਤੇ ਆਲੋਚਕ ਦਾ ਨੇੜੇ ਦਾ ਸੰਬੰਧ ਬਣ ਰਿਹਾ ਹੈ- ਜੋ ਵਕਤ ਦੀ ਜ਼ਰੂਰਤ ਹੈ। 'ਨੋਟੇਸ਼ਨ ਵਾਲੇ' ਸ਼ਬਦਾਂ ਦੇ ਅਰਥ' ਅਤੇ 'ਸੁਰ ਲਿਪੀਆਂ' ਸੈਕਸ਼ਨ ਲਾਸਾਨੀ ਹਨ। ਇਸ ਨਾਲ ਗੁਰਮਤਿ-ਸੰਗੀਤ ਨਾਲ ਨਵੇਂ ਸਿਖਾਂਦਰੂ ਜੁੜ ਰਹੇ ਹਨ। ਇਹ ਭਾਗ ਸਾਡੀ ਵਿਰਾਸਤ ਦੀ ਵਿਆਖਿਆ ਦੇ ਨਾਲ ਨਾਲ ਵੱਡਮੁੱਲੀ ਸਿੱਖਿਆ ਦਾ ਵੀ ਸਰੋਤ ਹੈ। ਇਸ ਪ੍ਰਤੀ ਜੋ ਵਿਗਿਆਨਿਕ ਪਹੁੰਚ ਦ੍ਰਿਸ਼ਟੀ ਧਾਰਨ ਕੀਤੀ ਗਈ ਹੈ, ਉਹ ਨਿਰਸੰਕੋਚ ਵਡਿਆਈ ਯੋਗ ਹੈ। 'ਗੁਰਮੁਖ ਢੂਢ ਢੂਢਦਿਆਂ' ਭਾਗ ਪੁੰਨ ਦਾ ਕਾਰਜ-ਸੂਚਕ ਹੈ।

ਸਮੁੱਚੇ ਮੈਗਜ਼ੀਨ ਬਾਰੇ ਕਹਿਣ ਨੂੰ ਤਾਂ ਬਹੁਤ ਕੁਝ ਹੈ, ਪਰ ਮੈਂ ਵੀ ਸੰਕੋਚ ਕਰਦਾ ਹਾਂ। ਆਪ ਸਭ ਵਧਾਈ ਦੇ ਹੱਕਦਾਰ ਹੋ। ਪਰਮਾਤਮਾ ਪਾਠਕਾਂ (ਨਵੇਂ ਪਾਠਕਾਂ) ਨੂੰ ਵੀ ਸਮਰੱਥਾ ਬਖਸ਼ੇ ਕਿ ਉਹ ਇਸ ਦੀ ਪ੍ਰਫੁੱਲਤਾ ਲਈ ਯਤਨਸ਼ੀਲ ਰਹਿਣ। ਆਪ ਸਭ ਨੂੰ ਚੜ੍ਹਦੀ ਕਲਾ 'ਚ ਦੇਖਣ ਦਾ ਚਾਹਵਾਨ।

*- ਜਗੀਰ ਸਿੰਘ ਨੂਰ / ਫਗਵਾੜਾ*

★ 'ਅੰਮ੍ਰਿਤ ਕੀਰਤਨ' ਅੱਛਾ ਲੱਗਾ ਹੈ। ਮਨੁੱਖ ਦੀ ਆਤਮਿਕ ਜਯੋਤਿ ਜਗੀ ਰਹਿਣ ਵਾਸਤੇ ਇਸ ਵਿੱਚ ਈਸ਼ਵਰ ਦਾ ਗਿਆਨ ਬਣਿਆ ਰਹਿਣਾ ਜ਼ਰੂਰੀ ਹੈ। 'ਅੰਮ੍ਰਿਤ ਕੀਰਤਨ' ਵੀ ਇਹੀ ਕੰਮ ਕਰ ਰਹੀ ਹੈ। ਇਹ ਪੂਰੇ ਸੰਸਾਰ ਵਿੱਚ ਉਜਾਲਾ ਕਰ ਰਹੀ ਹੈ। ਵਾਹਿਗੁਰੂ ਅੱਗੇ ਬੇਨਤੀ ਹੈ ਕਿ ਸੇਵਾ ਕਰਨ ਵਾਲਿਆਂ ਵਿੱਚ ਅੰਹਕਾਰ, ਦੇਹ ਤੇ ਬੁੱਧੀ ਦਾ ਅਭਿਮਾਨ ਨਾ ਰਹੇ। ਸੇਵਾ ਦਾ ਅਭਿਆਸ ਕਰਦੇ ਰਹੀਏ।

*- ਸੁਰਿੰਦਰ ਮੋਹਨ ਸਿੰਘ / ਜੈਪੁਰ*

★ ਪਾਠਕਾਂ ਦੇ ਪੱਤਰ ਵਿੱਚ ਮੇਰਾ ਪੱਤਰ ਛਾਪਣ ਲਈ ਬਹੁਤ-ਬਹੁਤ ਧੰਨਵਾਦ। 'ਕਰਉ ਬੇਨੰਤੀਆ' ਡਾ. ਜਾਗੀਰ ਸਿੰਘ ਦੀ ਤਹਿਰੀਰ ਬਹੁਤ ਕਾਬਿਲੇ ਤਾਰੀਫ ਸੀ। ਰਮੇਸ਼ ਸਿੰਘ ਜੀ, ਸਤਨਾਮ ਸਿੰਘ ਐਡਵੋਕੇਟ, ਬਲਵਿੰਦਰ ਸਿੰਘ ਅਤੇ ਭਗਵੰਤ ਸਿੰਘ ਦਿਲਾਵਰੀ ਦੇ ਲੇਖ ਬਹੁਤ ਹੀ ਖ਼ੂਬਸੂਰਤ ਸਨ। ਪੁਸਤਕ ਸਮੀਖਿਆ, ਸੇਵਕਸ ਚੈਰੀਟੇਬਲ ਟਰੱਸਟ (ਰਜਿ.) ਬਾਰੇ ਜਾਣਕਾਰੀ, ਗੁਰਬਾਣੀ ਦਰਸ਼ਨ, ਅਤੇ 'ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ' ਬਹੁਤ ਹੀ ਸਲਾਘਾਯੋਗ ਸਨ।

*ਪ੍ਰੋ. ਮੰਗਤ ਸਿੰਘ ਮਸਤਾਨਾ / ਮਲੋਟ*

★ ਆਪ ਜੀ ਨੇ ਆਪਣੇ ਮੈਗਜ਼ੀਨ ਰਾਹੀਂ ਪਿਆਰੇ ਗੁਰੂ ਨਾਨਕ ਦਾ ਸੰਦੇਸ਼ ਸਾਰੇ ਜਗਤ ਵਿੱਚ ਪਹੁੰਚਾਇਆ ਹੈ। ਧੰਨਵਾਦੀ ਹਾਂ। ਜੇਹੜੇ ਲੋਗ ਪੰਜਾਬ ਤੋਂ ਬਾਹਰ ਰਹਿੰਦੇ ਹਨ ਉਨ੍ਹਾਂ ਨੂੰ ਪੰਜਾਬ ਵਿੱਚ ਹੋਣ ਵਾਲੇ ਗੁਰਮਤਿ ਸਮਾਗਮ, ਕੀਰਤਨ ਯਾ ਰਾਗ ਦਰਬਾਰਾਂ ਬਾਰੇ ਕੋਈ ਪਤਾ ਨਹੀਂ ਲਗਦਾ। ਮੇਰੇ ਖਿਆਲ ਵਿੱਚ ਇਹ ਸਾਰੀ Information ਸਾਨੂੰ 'ਅੰਮ੍ਰਿਤ ਕੀਰਤਨ' ਰਾਹੀਂ ਹਰ ਮਹੀਨੇ ਮਿਲ ਸਕਦੀ ਹੈ। ਆਪ ਜੀ ਵੱਲੋਂ ਇਹ ਇੱਕ ਅਨੋਖੀ ਸੇਵਾ ਹੋਵੇਗੀ।

*- ਸਤਨਾਮ ਕੌਰ / ਮੁੰਬਈ*

★ 'ਅੰਮ੍ਰਿਤ ਕੀਰਤਨ' ਵਿੱਚ 'Short cut for happiness' ਪੜ੍ਹਿਆ। ਅੱਛਾ ਲੱਗਾ। ਹਸਦੇ-ਹਸਦੇ ਸਿੱਖਿਆ ਦੇਣ ਦੀ ਵੀ ਇੱਕ ਕਲਾ ਹੈ।

*- ਇੱਕ ਸ਼ੁਭ ਚਿੰਤਕ / ਜੈਪੁਰ*

★ You are doing a noble work of spreading divine message thro` 'Amrit Kitran'

*- J.P. Nanda / Domet*

# ਕਰਉ ਬੇਨੰਤੀਆ

## ਸੁਪਨੇ ਵਿੱਚ ਤੁਸੀਂ ਮਿਲੇ ਅਸਾਨੂੰ

ਦਸੰਬਰ ਦੇ ਦੂਜੇ ਹਫਤੇ ਦਿੱਲੀ ਤੋਂ ਕੁਝ ਮਿੱਤਰ ਪਿਆਰਿਆਂ ਦੇ ਫੋਨ ਆਏ ਕਿ ਉਹ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 31 ਦਸੰਬਰ ਦੀ ਰਾਤ ਨੂੰ ਕੀਰਤਨ ਕਰਵਾ ਕੇ ਨਵੇਂ ਸਾਲ ਨੂੰ ਮੇਰਾ ਕੀਰਤਨ ਸੁਣਦਿਆਂ-ਸੁਣਦਿਆਂ ਖੁਸ਼-ਆਮਦੀਦ ਕਹਿਣਾ ਚਾਹੁੰਦੇ ਹਾਂ। ਮੈਂ ਅਜੇ ਕੁਝ ਉੱਤਰ ਦੇਣਾ ਹੀ ਚਾਹੁੰਦਾ ਸਾਂ ਕਿ ਮੇਰੀ ਬੇਟੀ ਕਹਿਣ ਲੱਗੀ- "ਪਾਪਾ ਇਸ ਵਾਰ ਤੁਸੀਂ ਕਿਤੇ ਨਹੀਂ ਜਾਓਗੇ। ਅਸੀਂ ਇਹ ਨਵਾਂ ਮਿਲੇਨੀਅਮ ਸਾਰਾ ਟੱਬਰ ਆਪਣੇ ਘਰ ਵਿੱਚ ਹੀ ਮਨਾਉਣਾ ਚਾਹੁੰਦੇ ਹਾਂ।" ਮੈਂ ਦਿੱਲੀ ਵਾਲਿਆਂ ਤੋਂ ਮੁਆਫੀ ਮੰਗ ਲਈ।

ਰਾਤ ਨੂੰ ਸੌਣ ਤੋਂ ਪਹਿਲਾਂ ਮਨ ਵਿੱਚ ਕਈ ਵਿਚਾਰ ਆਏ। ਨਵੇਂ ਸਾਲ ਦੀ ਪ੍ਰਭਾਤ ਨੂੰ 1999 ਦਿੱਲੀ, 1998 ਨੂੰ ਅੰਮ੍ਰਿਤਸਰ, 1997 ਦੇਹਰਾਦੂਨ, 1996 ਦਿੱਲੀ ਚੜ੍ਹਾਈ ਸੀ। 1999 ਦੇ ਸਾਲ ਵਿੱਚ ਬਹੁਤ ਸਾਰੀਆਂ ਹੈਰਾਨੀਜਨਕ ਘਟਨਾਵਾਂ ਵਾਪਰੀਆਂ ਹਨ। ਕਿਤੇ ਭੂਚਾਲ ਆਏ, ਕਿਤੇ ਅੱਗ ਨਾਲ ਅਤੇ ਕਿਤੇ ਪਾਣੀ ਨਾਲ ਤਬਾਹੀ ਹੋਈ ਹੈ। 1999 ਦੀ ਵਿਸਾਖੀ ਧੂਮਧਾਮ ਨਾਲ ਮਨਾਈ। ਦਫਤਰ ਵਿੱਚ ਮੇਰੀ ਤਰੱਕੀ ਹੋਈ ਹੈ। ਸੋਚਦਿਆਂ ਸੋਚਦਿਆਂ ਨੀਂਦ ਆ ਗਈ। ਨੀਂਦ ਵਿੱਚ ਸੁਪਨਾ। ਸੁਪਨੇ ਵਿੱਚ ਰੱਬ ਜੀ ਆ ਗਏ। ਕਮਾਲ ਹੈ ਐਵੇਂ ਕਹਿੰਦੇ ਹਨ ਕਿ ਉਹਦਾ ਕੋਈ ਰੂਪ ਨਹੀਂ। ਇਹ ਤਾਂ ਖੁੱਲ੍ਹੇ ਦਾਹੜੇ ਵਾਲਾ ਬਾਬਾ, ਵੱਡ ਅਕਾਰੀ ਸਰੀਰ, ਹੱਥ ਵਿੱਚ ਇੱਕ ਡਾਂਗ। ਉਹਨੂੰ ਵੇਖ ਕੇ ਮੈਨੂੰ ਜਾਪਿਆ ਕਿ ਇਹ ਤਾਂ ਸਚਮੁੱਚ ਹੀ ਸਰਬ ਸ਼ਕਤੀਮਾਨ ਹੈ। ਆਉਂਦਿਆਂ ਕਹਿਣ ਲੱਗਾ- "ਸੁਣਾ ਭਈ-ਰਾਗੀਆ ਕੀ ਸੋਚ ਰਿਹੈਂ? ਕੋਈ ਐਸੀ ਇੱਛਾ ਹੈ ਤੇਰੀ ਜਿਹੜੀ ਪੂਰੀ ਨਾ ਹੋਈ ਹੋਵੇ।"

ਮੈਂ ਸੋਚੀਂ ਪੈ ਗਿਆ। ਘਰ ਹੈ, ਕਾਰ ਹੈ, ਪਤਨੀ ਹੈ, ਬੱਚੇ ਹਨ, ਮਾਇਆ ਹੈ, ਸ਼ੁਹਰਤ ਹੈ, ਮਿੱਤਰ ਹਨ। ਹੋਰ ਕੀ ਕੁਝ ਚਾਹੀਦਾ ਹੈ। ਮੈਂ ਕਿਹਾ- "ਸਤਿਕਾਰ ਤਾਂ ਬਹੁਤ ਮਿਲ ਰਿਹਾ ਹੈ ਪਰ ਪਿਆਰ ਦੀ ਥੋੜ੍ਹੀ ਘਾਟ ਮਹਿਸੂਸ ਹੁੰਦੀ ਹੈ।"

ਰੱਬ ਜੀ ਕਹਿਣ ਲੱਗੇ- "ਕੋਈ ਨਹੀਂ, ਜਿਹੜਾ ਤੇਰਾ ਸਤਿਕਾਰ ਕਰਦਾ ਹੈ ਤੂੰ ਉਹਨੂੰ ਪਿਆਰ ਕਰਿਆ ਕਰ। ਤੈਨੂੰ ਪਿਆਰ ਵੀ ਮਿਲ ਜਾਏਗਾ।"

ਫਿਰ ਰੱਬ ਵੀ ਚੁੱਪ ਹੋ ਗਿਆ ਮੈਂ ਵੀ ਚੁੱਪ ਹੋ ਗਿਆ। ਥੋੜ੍ਹੀ ਦੇਰ ਬਾਦ ਮੈਂ ਹੀ ਬੋਲਿਆ- "ਰੱਬ ਜੀ! ਇਸ ਦੁਨੀਆਂ ਤੇ ਇਤਨੀ ਗਰੀਬੀ ਇਤਨਾ ਦੁੱਖ ਕਿਉਂ ਹੈ? ਕਈ ਵਾਰ ਜਾਪਦਾ ਹੈ ਸੁਖੀ ਘੱਟ ਹਨ ਤੇ ਦੁਖੀ ਵਧੇਰੇ ਹਨ। ਮੇਰੀ ਮੰਗ ਹੈ ਕਿ ਸਾਰੇ ਖੁਸ਼ ਰਹਿਣ।"

ਰੱਬ ਜੀ ਬੋਲੇ- "ਭਾਈ! ਮੈਂ ਤਾਂ ਸਭ ਦੀ ਇੱਛਾ ਪੂਰੀ ਕਰਨੀ ਹੁੰਦੀ ਹੈ। ਜੋ ਲੋਕੀਂ ਚਾਹੁੰਦੇ ਹਨ ਉਹ ਪੂਰਾ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਪਰ ਲੋਕੀਂ ਬੜੇ ਅਜੀਬ ਨੇ। ਕਾਰ ਚਾਹੁੰਦੇ ਨੇ, ਪਰ ਪੈਟਰੋਲ ਨਹੀਂ ਚਾਹੁੰਦੇ। ਸਰੀਰ ਚਾਹੁੰਦੇ ਹਨ, ਪਰ ਬਿਮਾਰੀ ਨਹੀਂ ਚਾਹੁੰਦੇ। ਰੋਟੀ ਖਾਣਾ ਚਾਹੁੰਦੇ ਹਨ, ਪਰ ਪਕਾਣਾ ਨਹੀਂ ਚਾਹੁੰਦੇ। ਇਹ ਜਿਹੜੇ ਸ਼ਹਿਰਾਂ ਵਾਲੇ ਨੇ ਇਹਨਾਂ ਦੀਆਂ ਮੰਗਾਂ ਅਜੀਬ ਹਨ। ਇਹ ਸਫਾਈ ਕਰਾਉਣ ਲਈ, ਕੱਪੜੇ ਧੋਣ ਲਈ ਭਾਂਡੇ ਮਾਂਜਣ ਲਈ ਹੋਰ ਬੰਦੇ-ਜ਼ਨਾਨੀਆਂ ਚਾਹੁੰਦੇ ਹਨ ਪਰ ਸ਼ਹਿਰ

ਨੇੜੇ ਝੁੱਗੀਆਂ-ਝੌਪੜੀਆਂ ਨਹੀਂ ਚਾਹੁੰਦੇ। ਤੂੰ ਜੇ ਥੋਹੜਾ ਜਿਹਾ ਡੂੰਘਾਈ ਨਾਲ ਸੋਚੇਂਗਾ ਤਾਂ ਤੈਨੂੰ ਪਤਾ ਲੱਗ ਜਾਵੇਗਾ ਕਿ ਉਦਾਸੀ ਤੇ ਦੁੱਖ ਦਾ ਮੂਲ ਕਾਰਨ ਮਨੁੱਖ ਆਪ ਹੈ ਮੈਂ ਨਹੀਂ। ਫਿਰ ਵੀ ਜੇ ਤੂੰ ਸੋਚਦਾ ਹੈ ਕਿ ਕਿਸੇ ਦੀ ਕੋਈ ਮੰਗ ਪੂਰੀ ਨਹੀਂ ਹੋਈ ਤਾਂ ਤੂੰ ਹਰ ਕਿਸੇ ਕੋਲੋਂ ਪੁੱਛ ਲੈ ਤੇਰੇ ਕਹਿਣ ਤੇ ਮੈਂ ਉਹਦੀਆਂ ਤਿੰਨ ਮੰਗਾਂ ਪੂਰੀਆਂ ਕਰ ਦਿਆਂਗਾ। ਪਰ ਤਿੰਨ ਤੋਂ ਵੱਧ ਨਹੀਂ।"

ਇਹ ਕਹਿ ਕੇ ਰੱਬ ਜੀ ਅਲੋਪ ਹੋ ਗਏ। ਮੇਰੀ ਜਾਗ ਖੁੱਲ ਗਈ। ਮੈਂ ਸੋਚਣ ਲੱਗਾ ਸੁਪਨਾ ਹੀ ਸੀ ਸੁਪਨੇ ਵਿੱਚ ਰੱਬ ਮਿਲ ਗਿਆ ਤਾਂ ਕਿਹੜੀ ਵੱਡੀ ਗੱਲ ਹੋ ਗਈ। ਫਿਰ ਧਿਆਨ ਆਇਆ ਰੱਬ ਜੀ ਨੇ ਕਿਹਾ ਹੈ ਕਿ ਉਹ ਹਰ ਇੱਕ ਦੀਆਂ ਤਿੰਨ ਮੰਗਾਂ ਪੂਰੀਆਂ ਕਰਨਗੇ। ਮੈਂ ਆਪਣੇ ਸਨੇਹੀਆਂ ਨੂੰ ਮੰਗ ਪੁੱਛ ਕੇ ਰੱਬ ਜੀ ਅੱਗੇ ਅਰਦਾਸ ਕਰ ਦਿਆਂ। ਸ਼ਾਇਦ ਉਹਨਾਂ ਦੀਆਂ ਮੰਗਾਂ ਪੂਰੀਆਂ ਹੋ ਹੀ ਜਾਣ। ਮੈਂ ਆਪਣੇ ਨੇੜਲੇ ਸਨੇਹੀਆਂ ਨੂੰ ਸਾਰੀ ਗੱਲ ਦੱਸਦਿਆਂ ਉਹਨਾਂ ਦੀਆਂ ਮੰਗਾਂ ਪੁੱਛੀਆਂ। ਕੁਝ ਨੇ ਹੱਸ ਕੇ ਟਾਲ ਦਿੱਤਾ ਤੇ ਕੁਝ ਨੇ ਆਪਣੀਆਂ ਮੰਗਾਂ ਦੱਸੀਆਂ।

ਇੱਕ ਬੀਬੀ ਜੀ ਨੇ ਕਿਹਾ- "ਮੇਰੀ ਸਿਹਤ ਠੀਕ ਰਹੇ, ਬੱਚੇ ਖੁਸ਼ ਰਹਿਣ, ਗੁਜ਼ਾਰੇ ਲਈ ਧਨ ਮਿਲਦਾ ਰਹੇ।"

ਇੱਕ ਬਾਬਾ ਜੀ ਨੇ ਅੰਗਰੇਜ਼ੀ ਵਿੱਚ ਆਪ ਹੀ ਅਰਦਾਸ ਕੀਤੀ- "O God! Please bless with good health, happiness and harmony."

ਇੱਕ ਬੀਬੀ ਜੀ ਨੇ ਮੰਗਿਆ- "ਮੈਨੂੰ ਸਹਿਨਸ਼ਕਤੀ ਮਿਲੇ, ਮੈਂ ਕਿਸੇ ਨਾਲ ਲੜਾਂ ਨਾ, ਸਮੱਸਿਆਵਾਂ ਜੇ ਆਉਣ ਤਾਂ ਉਹਨਾਂ ਨੂੰ ਹੱਲ ਕਰਨ ਦੀ ਜਾਚ ਵੀ ਪ੍ਰਾਪਤ ਹੋਵੇ।"

ਇੱਕ ਸੱਜਣ ਦੀਆਂ ਮੰਗਾਂ ਸਨ- "ਧਰਮ ਦੀ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦੀ ਸ਼ਕਤੀ ਮਿਲੇ।"

ਇੱਕ ਬੀਬੀ ਜੀ ਜੋ ਸਾਡੇ ਦਫਤਰ ਵਿੱਚ ਉੱਚ ਅਧਿਕਾਰੀ ਹਨ ਬੋਲੇ-"Let the hard worker be rewarded, lazy person be punished and everyone be treated fairly."

ਮੇਰੇ ਇੱਕ ਨਿਕਟਵਰਤੀ ਦਾ ਵਿਚਾਰ ਸੀ- "ਦੁਨੀਆਂ ਵਿੱਚੋਂ ਪਾਖੰਡ ਖਤਮ ਹੋਵੇ, ਔਰਤਾਂ ਨਾਲ ਵਿਤਕਰਾ ਖਤਮ ਕੀਤਾ ਜਾਵੇ। ਹਰ ਇੱਕ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਵੇ।"

ਉਪਰੋਕਤ ਸਾਰੀਆਂ ਮੰਗਾਂ ਲਈ ਮੈਂ ਰੱਬ ਜੀ ਅੱਗੇ ਅਰਦਾਸ ਕਰ ਰਿਹਾ ਹਾਂ। ਮੈਨੂੰ ਵਿਸ਼ਵਾਸ ਹੈ ਕਿ ਇਹ ਮੰਗਾਂ ਜ਼ਰੂਰ ਪੂਰੀਆਂ ਹੋਣਗੀਆਂ। ਨਵੀਂ ਸਦੀ ਵਿੱਚ ਤੁਹਾਡੀਆਂ ਵੀ ਕੋਈ ਮੰਗਾਂ ਹੋਣ ਤਾਂ ਲਿਖ ਭੇਜਣਾਂ ਮੈਂ ਅਰਦਾਸ ਕਰਾਂਗਾ। ਸੁਪਨੇ ਵਿੱਚ ਮਿਲੇ ਰੱਬ ਜੀ ਸ਼ਾਇਦ ਤੁਹਾਡੀਆਂ ਮੰਗਾਂ ਵੀ ਪੂਰੀਆਂ ਕਰ ਦੇਣ।

ਅਸੀਂ 'ਅੰਮ੍ਰਿਤ ਕੀਰਤਨ' ਨਾਲ ਸੰਬੰਧਤ ਸਾਰੇ ਸਨੇਹੀ ਤੁਹਾਨੂੰ ਨਵੀਂ ਸਦੀ ਲਈ ਸ਼ੁਭ ਕਾਮਨਾਵਾਂ ਭੇਟਾ ਕਰਦੇ ਹਾਂ।

# ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤੀ ਸੰਗੀਤ ਨੂੰ ਦੇਣ

ਯੋਗੇਂਦਰ ਪਾਲ ਸ਼ਰਮਾ, ਡਾ. ਬਚਿੱਤਰ ਸਿੰਘ

ਗੁਰੂ ਗੋਬਿੰਦ ਸਿੰਘ ਜੀ ਲਾਸਾਨੀ ਪ੍ਰਤਿਭਾ ਦੇ ਮਾਲਿਕ ਸਨ। ਆਪ ਜੀ ਨੂੰ ਸਾਹਿੱਤ ਅਤੇ ਕਲਾ ਦੇ ਖੇਤਰ ਵਿੱਚ ਵੀ ਬਹੁਤ ਉੱਚਾ ਸਥਾਨ ਪ੍ਰਾਪਤ ਹੈ। ਇਹ ਨਾ ਕੇਵਲ ਬ੍ਰਿਜ ਭਾਸ਼ਾ, ਫਾਰਸੀ ਅਤੇ ਹਿੰਦੀ ਦੇ ਹੀ ਮਹਾਨ ਕਵੀ ਸਨ ਸਗੋਂ ਉਹ ਸੂਰਬੀਰ, ਯੋਧਾ ਅਤੇ ਕਲਾਕਾਰ ਸਨ। 42 ਵਰ੍ਹਿਆਂ ਦੇ ਆਪਣੇ ਜੀਵਨ ਵਿੱਚ ਉਨ੍ਹਾਂ ਅਨੇਕ ਕਠਿਨਾਈਆਂ ਦਾ ਸਾਹਮਣਾ ਕਰਦੇ ਹੋਏ ਭਾਰਤੀ, ਸੰਗੀਤ ਅਤੇ ਕੌਮ ਨੂੰ ਨਵੀਂ ਸੇਧ ਪ੍ਰਦਾਨ ਕੀਤੀ।

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 26 ਦਸੰਬਰ ਸੰਨ 1666 ਈਸਵੀਂ ਨੂੰ ਪਟਨੇ ਵਿਖੇ ਹੋਇਆ। ਇਨ੍ਹਾਂ ਦੇ ਪਿਤਾ ਗੁਰੂ ਤੇਗ ਬਹਾਦੁਰ ਸਨ ਮਾਤਾ ਦਾ ਨਾਂ ਗੁਜਰੀ ਸੀ। ਬਚਪਨ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਖਣ ਬੁੱਧੀ ਦੇ ਮਾਲਕ ਸਨ। ਛੇ ਵਰ੍ਹਿਆਂ ਦੀ ਉਮਰ ਵਿੱਚ ਹੀ ਇਨ੍ਹਾਂ ਦੀਆਂ ਖੇਡਾਂ ਵਿੱਚ ਅਸਾਧਾਰਨ ਚਿੰਨ੍ਹ ਦਿਖਾਈ ਦਿੰਦੇ ਸਨ। ਛੇ ਸਾਲ ਦੀ ਉਮਰ ਤੱਕ ਪਟਨੇ ਰਹੇ, ਫਿਰ ਆਨੰਦਪੁਰ ਸਾਹਿਬ ਆ ਗਏ। ਆਨੰਦਪੁਰ ਸਾਹਿਬ ਵਿੱਚ ਗੁਰੂ ਜੀ ਦੀ ਸਿੱਖਿਆ ਦਾ ਹਰ ਤਰ੍ਹਾਂ ਦਾ ਪ੍ਰਬੰਧ ਕੀਤਾ ਗਿਆ। 1675 ਈਸਵੀਂ ਵਿੱਚ ਗੁਰੂ ਜੀ ਨੂੰ ਗੁਰਿਆਈ ਗੱਦੀ ਦਿੱਤੀ ਗਈ।

ਸ੍ਰੀ ਗੁਰੂ ਗ੍ਰੰਥ ਸਾਹਿਬ (ਆਦਿ ਗ੍ਰੰਥ) ਤੋਂ ਬਾਅਦ ਸਿੱਖ ਸਮਾਜ ਵਿੱਚ ਦੂਸਰਾ ਵਿਸਤਰਿਤ ਧਾਰਮਿਕ ਗ੍ਰੰਥ 'ਦਸਮ ਗ੍ਰੰਥ' ਹੈ। ਪਰੰਤੂ 'ਆਦਿ ਗ੍ਰੰਥ' ਦੀ ਪ੍ਰਮਾਣਿਕਤਾ ਜਿੰਨੀ ਬਿਨਾ ਸ਼ੱਕ ਹੈ, ਦਸਮ ਗ੍ਰੰਥ ਦੀ ਪ੍ਰਮਾਣਿਕਤਾ ਉਨੀ ਹੀ ਸੰਦੇਹ ਪੂਰਵਕ ਹੈ ਗੁਰੂ ਜੀ ਦੀ ਸੰਗੀਤਕ, ਪ੍ਰਤਿਭਾ ਸਿੱਖ ਇਤਿਹਾਸ ਅਤੇ ਪਰੰਪਰਾ ਦੇ ਅਨੁਸਾਰ ਗੁਰੂ ਜੀ ਨੇ ਆਪਣੇ ਦਰਬਾਰ ਵਿੱਚ 52 ਕਵੀ ਰੱਖੇ ਹੋਏ ਸਨ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਬੀਰ ਰਸੀ ਕਵਿਤਾ ਪੰਜਾਬੀ ਸਾਹਿਤ ਵਿੱਚ ਉੱਤਮ ਨਮੂਨਾ ਹੈ। ਇਨ੍ਹਾਂ ਦੇ ਦਰਬਾਰੀ ਕਵੀ ਇਨ੍ਹਾਂ ਦੀਆਂ ਪਾਈਆਂ ਲੀਹਾਂ ਦੇ ਅਨੁਸਾਰ ਹੀ ਕਵਿਤਾ ਰਚਦੇ ਸਨ। ਭਾਈ ਮਨੀ ਸਿੰਘ ਨੇ ਗੁਰੂ ਜੀ ਅਤੇ ਉਨ੍ਹਾਂ ਦੇ 51 ਕਵੀਆਂ ਦੀਆਂ ਰਚਨਾਵਾਂ ਦਾ 'ਦਸਮ ਗ੍ਰੰਥ' ਵਿੱਚ ਸੰਕਲਨ ਕੀਤਾ ਹੈ ਗੁਰੂ ਗੋਬਿੰਦ ਸਿੰਘ ਜੀ ਨੇ ਨਾ ਕੇਵਲ ਮੁਰਦਾ ਹੋਈ ਹਿੰਦੂ ਜਾਤੀ ਦੇ ਅੰਦਰਲੇ ਵਿਚਾਰਾਂ ਨੂੰ ਬਦਲਿਆ ਸਗੋਂ ਖਾਲਸੇ ਨੂੰ ਵਿਲੱਖਣ ਸ਼ਖਸ਼ੀਅਤ ਦਾ ਮਾਲਕ ਬਣਾਇਆ। ਦਮਦਮਾ ਸਾਹਿਬ ਵਿੱਚ ਕੁਝ ਸਮਾਂ ਰਹਿ ਕੇ ਇਨ੍ਹਾਂ ਨੇ ਭਾਈ ਮਨੀ ਸਿੰਘ ਤੋਂ ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਾਈ।

'ਦਸਮ ਗ੍ਰੰਥ 1428 ਪੰਨਿਆਂ ਦਾ ਵਿਸ਼ਾਲ ਆਕਾਰੀ ਗ੍ਰੰਥ ਹੈ ਜਿਸਦੇ ਵਰਤਮਾਨ ਰੂਪ ਵਿੱਚ ਨਿਮਤਲਿਖਤ ਕਰਮ ਨਾਲ ਬਾਣੀਆਂ ਸੰਗ੍ਰਹਿਤ ਹਨ।

| | |
|---|---|
| 1. ਜਾਪਿ ਸਾਹਿਬ | 2. ਅਕਾਲ ਉਸਤਤਿ |
| 3. ਬਚਿੱਤਰ ਨਾਟਕ (ਆਪਨੀ ਕਥਾ) | 4. ਚੰਡੀ ਚਰਿੱਤਰ |
| 5. ਵਾਰ ਸ੍ਰੀ ਭਗਾਉਤੀ ਜੀ ਕੀ | 6. ਗਿਆਨ ਪ੍ਰਬੋਧ |
| 7. ਚੌਬੀਸ ਅਵਤਾਰ | 8. ਬ੍ਰਹਮਾ ਅਵਤਾਰ |
| 9. ਰੁਦਰਾਵਤਾਰ | 10. ਸ਼ਬਦ ਹਜਾਰੇ |
| 11. ਸਵੈਯੇ | 12. ਖਾਲਸਾ ਮਹਿਮਾ |
| 13. ਸ਼ਾਸਤਰ-ਨਾਮ ਮਾਲਾ | 14. ਚਰਿਤਰੋਂ ਪਾਖਿਆਨ |
| 15. ਜ਼ਫਰਨਾਮਾ ਅਤੇ ਹਦਾਇਤਾਂ | |

ਇਨ੍ਹਾਂ ਬਾਣੀਆਂ ਤੋਂ ਅਤਿਰਿਕਤ ਪ੍ਰਾਚੀਨ ਪੋਥੀਆਂ ਵਿੱਚ ਕੁਝ ਹੋਰ ਬਾਣੀਆਂ ਵੀ ਸੰਗ੍ਰਹਿਤ ਹਨ। ਜ਼ਫਰਨਾਮਾ ਮੁਗਲ ਸਮਰਾਟ ਔਰੰਗਜ਼ੇਬ ਨੂੰ ਲਿਖਿਆ ਫ਼ਾਰਸੀ ਭਾਸ਼ਾ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸਕ ਪੱਤਰ ਹੈ ਅਤੇ ਹਦਾਇਤਾਂ ਇਸੇ ਦਾ ਪੰਨਾ ਮੰਨੀ ਜਾਂਦੀ ਹੈ। 'ਵਾਰ ਸ੍ਰੀ ਭਗਾਉਤੀ ਜੀ ਕੀ' ਪੰਜਾਬੀ ਭਾਸ਼ਾ ਦੀ ਬੀਰ ਰਸੀ ਰਚਨਾ ਹੈ।

ਦਸਮ ਗ੍ਰੰਥ ਦੀਆਂ ਰਚਨਾਵਾਂ ਦੇ ਅਧਿਐਨ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਜਿੱਥੇ ਮਹਾਨ ਧਾਰਮਿਕ ਆਗੂ ਸਨ ਉੱਥੇ ਅਦੁੱਤੀ ਕਵੀ ਤੇ ਸੰਗੀਤਵੇਤਾ ਵੀ ਸਨ। ਇਹੋ ਹੀ ਕਾਰਨ ਹੈ ਕਿ ਇਨ੍ਹਾਂ ਦੀਆਂ ਰਚਨਾਵਾਂ ਵਿੱਚ ਸਧਾਰਨ ਪੱਧਰ ਦੇ ਮਨੁੱਖ ਨੂੰ ਆਤਮਕ, ਸਰੀਰਕ, ਸਮਾਜਿਕ ਅਤੇ ਬੌਧਿਕ ਪੱਧਰ ਤੋਂ ਉਚਿਆਣ ਦੇ ਸਾਰੇ ਗੁਣ ਵਿਦਮਾਨ ਹਨ। ਗੁਰੂ ਜੀ ਨੇ ਇਸ ਲੋਕ ਵਿੱਚ ਆਪਣੇ ਆਉਣ ਦਾ ਉਦੇਸ਼ ਕਿੰਨੇ ਸੁੰਦਰ ਸ਼ਬਦਾਂ ਵਿੱਚ ਦਰਸਾਇਆ ਹੈ :

*"ਹਮ ਇਹ ਕਾਜ ਜਗਤ ਮੋ ਆਏ*
*ਧਰਮ ਹੇਤੁ ਗੁਰਦੇਵ ਪਠਾਏ*
*ਜਹਾਂ ਤਹਾਂ ਤੁਮ ਧਰਮ ਬਿਥਾਰੋ*
*ਦੁਸ਼ਟ ਦੋਖੀਅਨ ਪਕਰ ਪਛਾਰੋ*
*ਯਾਹੀ ਕਾਜ ਧਰਾ ਹਮ ਜਨਮੰ*
*ਸਮਝ ਲੇਹੁ ਸਾਧੂ ਸਭ ਮਨਮੰ*

ਧਰਮ ਚਲਾਵਨ ਸੰਤ ਉਬਾਰਨ
ਦੁਸਟ ਸਭਨ ਕੋ ਮੂਲ ਉਪਾਰਨ॥"

ਇਨ੍ਹਾਂ ਦੀਆਂ ਰਚਨਾਵਾਂ ਪੜ੍ਹ ਕੇ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਹ ਸੰਸਕ੍ਰਿਤ, ਪ੍ਰਾਕ੍ਰਿਤ, ਅਰਬੀ, ਫ਼ਾਰਸੀ, ਬ੍ਰਿਜ ਅਤੇ ਪੰਜਾਬੀ ਆਦਿ ਭਾਸ਼ਾਵਾਂ ਦੇ ਮਹਾਨ ਵਿਦਵਾਨ ਸਨ।

**ਦਸਮ ਗ੍ਰੰਥ ਵਿੱਚ ਸੰਗੀਤਕ ਸ਼ਬਦਾਵਲੀ :** ਗੁਰੂ ਜੀ ਨੇ ਜਾਪੁ ਸਾਹਿਬ ਵਿੱਚ ਸੰਗੀਤ ਦੀ ਸ਼ਬਦਾਵਲੀ (ਗਾਇਨ, ਵਾਦਨ, ਨ੍ਰਿਤ, ਨਾਦ ਅਤੇ ਤਾਨਾਂ) ਨੂੰ ਕਿੰਨੇ ਗਹਿਰਾਈ ਨਾਲ ਉਸ ਅਕਾਲ ਪ੍ਰਭੂ ਦੀ ਉਸਤਤੀ ਲਈ ਵਰਤਿਆ ਹੈ ਜੋ ਆਪਣੀ ਮਿਸਾਲ ਆਪ ਹੈ।

*"ਨਮੋ ਗੀਤ ਗੀਤੇ॥ ਨਮੋ ਤਾਨ ਤਾਨੇ॥*
*ਨਮੋ ਨਰਿਤ ਨਰਿਤੇ॥ ਨਮੋ ਨਾਦ ਨਾਦੇ॥*
*ਨਮੋ ਪਾਨ ਪਾਨੇ॥ ਨਮੋ ਬਾਦ ਬਾਦੇ॥*

ਇਸ ਤੋਂ ਬਿਨ੍ਹਾਂ ਸੰਸਕ੍ਰਿਤ ਸ਼ਬਦਾਵਲੀ ਦੀ ਵਰਤੋਂ *"ਉਘਟਤ ਤਾਨ ਤਰੰਗ ਰੰਗ ਅਤਿ"* ਇੰਨੇ ਸੁੰਦਰ ਢੰਗ ਨਾਲ ਕੀਤੀ ਹੈ।

**ਚਰਿੱਤਰ ਪਾਖਿਆਨ:** ਚਰਿੱਤਰ ਪਾਖਿਆਨ ਇੱਕ ਵਿਸ਼ੇਸ਼ ਰਚਨਾ ਹੈ। ਇਸ ਵਿੱਚ 404 ਚਰਿੱਤਰ ਕਥਾਵਾਂ ਵਰਣਿਤ ਹਨ। ਪ੍ਰਧਾਨਤਾ ਇਸਤਰੀ ਚਰਿੱਤਰ ਦੀ ਹੈ ਇਸ ਲਈ ਇਸ ਕਿਰਿਆਂ ਨੂੰ ਤ੍ਰਿਆ ਚਰਿੱਤਰ ਅਤੇ ਲੀਲਾ ਚਰਿੱਤਰ ਦੀ ਸੰਗਿਆ ਵੀ ਦਿੱਤੀ ਜਾਂਦੀ ਹੈ।

ਦਸਮ ਗ੍ਰੰਥ ਦੀ ਬਾਕੀ ਰਚਨਾਵਾਂ ਬਚਿੱਤਰ ਨਾਟਕ ਦਾ ਹੀ ਅੰਗ ਹਨ ਇਹ ਸਾਰੀ ਬਾਣੀ ਭਾਰਤੀ ਸਾਹਿਤ ਦਾ ਸ੍ਰੇਸ਼ਠਤਮ ਸਾਹਿਤ ਹੈ। ਇਸ ਦੀ ਸੰਗੀਤਕ ਤੌਰ 'ਤੇ ਵਿਸ਼ੇਸ਼ ਮਹਾਨਤਾ ਹੈ।

**ਸਰਬ ਲੋਹ ਗ੍ਰੰਥ:** ਸਰਬ ਲੋਹ ਗ੍ਰੰਥ ਵਿੱਚ ਵੱਖ-ਵੱਖ ਰਾਗਾਂ ਵਿੱਚ ਬਾਣੀ ਦਿੱਤੀ ਗਈ ਹੈ ਜਿਨ੍ਹਾਂ ਦੀ ਗਿਣਤੀ ਲੱਗਭੱਗ 150 ਦੇ ਨਜ਼ਦੀਕ ਹੈ:

| | | |
|---|---|---|
| ਸਾਰੰਗ | ਆਸਾ ਕਾਫੀ | ਬੈਰਾੜੀ |
| ਤਿਲੰਗ | ਗੌੜੀ | ਆਸਾਵਰੀ |
| ਤੋੜੀ | ਹਰਖ | ਭੈਰੋਂ |
| ਨਟ ਨਾਰਾਇਣ | ਗੌੜ | ਦੇਵਸਾਖ |
| ਰਾਮਕਲੀ | ਕਾਫੀ ਨਟ | ਗੌੜ ਬਿਲਾਵਲ |
| ਮਧਮਾਦ | ਗੁਜਰੀ | ਨਟ |
| ਸਾਰੰਗ | ਭੈਰਵੀ | ਦੇਵਗੰਧਾਰੀ |
| ਮਾਲੀਗੌੜਾ | ਕਾਫੀ | ਬੰਗਾਲਮ |
| ਪ੍ਰਭਾਤੀ | ਕਾਨੜਾ | ਹਮੀਰ |
| ਬੰਗਾਲ | ਧਨਾਸਰੀ | ਕਲਿਆਣ |
| ਗੰਭੀਰ | ਅਸਲੇਖੀ | ਬਿਲਾਵਲ |
| ਮਾਰੂ | ਕੁੰਭ | ਲਲਿਤ |
| ਸੂਹੀ | ਪਰਜ | ਮਲਹਾਰ |
| ਗੰਧਾਰੀ | ਬਿਹਾਗ | ਕੇਦਾਰਾ |
| ਮਲਹਾਰ ਭੈਰੋਂ | ਗੰਧਾਰੀ ਸਿਉਤੀ | ਤਿਲੰਗ |
| ਸੋਹਨੀ | ਸ਼ਾਮ | ਮਸਤੰਗ |
| ਸ੍ਰੀ | ਜੈਜੈਵੰਤੀ | ਬਸੰਤ |
| ਮੇਵਾਰਾ | ਮਾਝ | ਤੁਖਾਰੀ |
| ਬਸੰਤ ਹਿੰਡੋਲ | ਗੌੜੀ ਪੂਰਬੀ | ਬਿਹਾਗੜਾ |
| ਬਸੰਤ ਮਲਹਾਰੀ | ਪ੍ਰਬਲਚੰਦ | ਗੌੜੀ ਬੈਰਾਗਣ |
| ਬਿਹਾਗੜਾ ਅੜਾਨਾ | ਮਾਲਕੌਸ | ਕੌਸਿਕ |
| ਗੌੜੀ ਚੇਤੀ | ਮਾਰਵਾ | ਮਾਲਕੌਸ ਮੇਘ |
| ਕੁਮਹਾਰਾ | ਆਸਾ | ਜੈਤਸ੍ਰੀ |
| ਦੀਪਕ | ਖੋਖਟ | ਭੋਗ |
| ਦੀਪਕ | ਕਾਫੀ | ਸੌਕਰਸੁਜਾਤੀ |
| ਸੰਦੂਰ | ਮੰਗਲਮ | ਭੂਪਾਲੀ |
| ਮ੍ਰਿਗਲੋਚਨ | ਸਰਸ | ਕੁਸਮ |
| ਖੰਭਾਯਚ | ਸ਼ੰਕਰ ਗੰਧਾਰੀ | ਅਹੀਰੀ |
| ਜਲਧਾਰਾ | ਵ੍ਰਿਧ ਖੰਭਾਯਚ | ਅਹੀਰੀ ਹਿੰਦਵੀ |
| ਰਸਾਲੂ | ਅਹੀਰੀ ਗੁਆਰੇਰੀ | ਵੈਰਾਧਰ |
| ਦੀਪਕ | ਗੰਧਰਵੀ | ਸੁਰਮਾਨੰਦ |
| ਗੌਣਕਰੀ | ਗਜਧਰ | ਕੁਸ਼ਮੰਜਲੀ |
| ਪਟਮੰਜਰੀ | ਕਾਮੋਦ | ਦੇਵਪਲਾਸੀ |
| ਕਾਮੋਦ | ਰਮਾ ਸਿੰਧਵੀ | ਲਲਿਤ ਵਿਰੰਗੀ |
| ਕਾਲੰਕਾ | ਜਬਲੀਧਰ | ਗੁਣਵਤੀ |
| ਕੁਤਲ | ਹਿੰਡੋਲ | ਝਿੰਝੋਟੀ |
| ਭਾਸਕਰ | ਬਸਾਲੀ | ਸੁਰਬੰਗਾਲੀ |
| ਚੰਦਰ ਬਿੰਬ | ਜੰਗਲਾ | ਸੰਕਰਵਿਭਾਸਾ |
| ਸਰਸਥਾਨ | ਚੰਦਰ ਪ੍ਰਕਾਸ਼ | ਕਮਲ |
| ਕਾਫੀ | ਸਿੰਘਵਰਨੀ | ਕਮਲ ਵਿਯੋਗੀ |
| ਮਿੱਤਰਵਰਣੀ ਹੰਸਧੁਜੀ ਆਦਿ | | ਦਰਬਾਰੀ ਬੁਨਿਆਦ |

**ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸੰਗੀਤਕ ਛੰਦ:** 'ਦਸਮ ਗ੍ਰੰਥ' ਵਿੱਚ ਸੰਗੀਤ ਛੰਦ ਗੁਰੂ ਗੋਬਿੰਦ ਸਿੰਘ ਜੀ ਦੀ ਸੰਗੀਤਕ ਕਲਾ ਦਾ ਉੱਤਮ ਨਮੂਨਾ ਹਨ। ਸੰਗੀਤ ਛੰਦ ਵਿੱਚ ਮਿਰਦੰਗ ਦੇ ਭਿੰਨ-

ਭਿੰਨ ਬੋਲਾਂ ਦੇ ਆਧਾਰ 'ਤੇ ਕਵਿਤਾ ਦੀ ਰਚਨਾ ਕੀਤੀ ਗਈ ਹੈ। ਇਨ੍ਹਾਂ ਵਿੱਚੋਂ ਸੱਤ ਪਰਕਾਰ ਇਸ ਤਰ੍ਹਾਂ ਹਨ :

1. ਸੰਗੀਤ ਛਪਯ
2. ਸੰਗੀਤ ਨਾਰਾਜ
3. ਸੰਗੀਤ ਪਧਿਸ਼ਟਕਾ
4. ਸੰਗੀਤ ਪਾਧੜੀ
5. ਸੰਗੀਤ ਬਹੁੜਾ
6. ਸੰਗੀਤ ਭੁਜੰਗ ਪ੍ਰਯਾਤ
7. ਸੰਗੀਤ ਮਧੁਭਾਰ

**ਗੁਰੂ ਜੀ ਦੀਆਂ ਬਾਣੀਆਂ ਵਿੱਚ ਪਰਿਭਾਸ਼ਕ ਸ਼ਬਦ:** ਦਸਮ ਗ੍ਰੰਥ ਪੜ੍ਹਕੇ ਸਹਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਦਸਮ ਗ੍ਰੰਥ ਵਿੱਚ ਭਾਰਤੀ ਸੰਗੀਤ ਦਾ ਵਿਸ਼ਾਲ ਭੰਡਾਰ ਹੈ। ਢੋਲ, ਮਿਰਦੰਗ, ਨਗਾਰੇ, ਸੰਖ, ਧੁਨੀ, ਕੋਲਾਹਲ, ਰਾਗ, ਗੰਧਰਵ, ਸਿੰਙੀ, ਤੰਤੀ, ਰਾਗਰਸਾਲੂ, ਤਾਨ ਤਰੰਗ, ਤਾਲ, ਗੀਤ ਆਦਿ ਸ਼ਬਦ ਗੂੜ੍ਹੀ ਸੰਗੀਤਕ ਸਮਝ ਦੀ ਉਪਜ ਹਨ। ਫੱਗਣ ਦੀ ਰੁੱਤ ਵਿੱਚ 'ਹੋਲੀ ਖੇਡਣ' ਨੂੰ 'ਖੇਲਤ ਧਮਾਰ' ਕਹਿਣਾ ਉਸ ਸਮੇਂ ਦੀ ਪ੍ਰਸਿੱਧ ਗਾਇਨ ਸ਼ੈਲੀ 'ਧਮਾਰ ਸਬੰਧੀ ਜਾਣਕਾਰੀ ਨੂੰ ਹੀ ਨਹੀਂ ਦਿਖਾਉਂਦੀ ਸਗੋਂ ਉਸ ਸ਼ੈਲੀ ਦੇ ਵਿਸ਼ੇ ਵਸਤੂ ਨੂੰ ਵੀ ਅਤੀ ਕਲਾ ਕੌਸ਼ਲਤਾ ਨਾਲ ਦਰਸਾਇਆ ਗਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿੱਖ ਸੰਗੀਤ ਦੀਆਂ ਚਲੀਆਂ ਆ ਰਹੀਆਂ ਪਰੰਪਰਾਵਾਂ ਨੂੰ ਕਾਇਮ ਰੱਖਿਆ ਜਾ ਰਿਹਾ ਸੀ। ਇਨ੍ਹਾਂ ਵਿੱਚ ਦੀਵਾਨ ਲਗਾਉਣਾ, ਰਾਗ ਤੇ ਗਾਇਨ ਸ਼ੈਲੀਆਂ ਅਨੁਸਾਰ ਕੀਰਤਨ ਕਰਨਾ, ਸਿੱਖ ਸੰਗੀਤ ਦੀਆਂ ਪਰੰਪਰਾਵਾਂ ਦੇ ਅੰਤਰਗਤ ਆਉਂਦਾ ਹੈ। ਇਨ੍ਹਾਂ ਦੇ ਸਮੇਂ ਵੀ ਸਵੇਰੇ ਆਸਾ ਦੀ ਵਾਰ ਦਾ ਕੀਰਤਨ, ਸ਼ਾਮ ਨੂੰ ਸੌਦਰ ਦੀ ਚੌਕੀ ਆਦਿ ਦਾ ਕੀਰਤਨ ਹੁੰਦਾ ਸੀ। ਇੱਥੋਂ ਤੱਕ ਕਿ ਜੰਗਾਂ, ਯੁੱਧਾਂ ਦੇ ਦਿਨਾਂ ਵਿੱਚ ਵੀ ਸਵੇਰੇ ਅਤੇ ਸ਼ਾਮ ਨੂੰ ਦੀਵਾਨ ਲਾ ਕੇ ਕੀਰਤਨ ਕਰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਦੁਵਾਰਾ ਜਿੱਥੇ ਜੰਗਾਂ ਯੁੱਧਾਂ ਵਿੱਚ ਆਪਣੇ ਨਾਲ ਕੀਰਤਨ ਦੀ ਪਰੰਪਰਾ ਚਲਾਈ ਆਉਂਦੇ ਸਨ ਉੱਥੇ ਉਨ੍ਹਾਂ ਵਾਰ ਗਾਇਨ ਦੀ ਪਰੰਪਰਾ ਨੂੰ ਕਾਇਮ ਰੱਖਿਆ। ਵਾਰ ਗਾਇਨ ਦੀ ਪਰੰਪਰਾ ਗੁਰੂ ਹਰਿਗੋਬਿੰਦ ਸਿੰਘ ਜੀ ਨੇ ਸ਼ੁਰੂ ਕੀਤੀ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਬੀਰ ਰਸੀ ਰਚਨਾ ਚੰਡੀ ਦੀ ਵਾਰ ਹੈ।

**ਸਿੱਖ ਪਰੰਪਰਾਵਾਂ ਦੇ ਅਨੁਸਾਰ ਬਾਣੀ ਦੀ ਰਚਨਾ:** ਪਹਿਲੇ ਗੁਰੂ ਤੋਂ ਲੈ ਕੇ ਜੋ ਪਰੰਪਰਾ ਚਲੀ ਆ ਰਹੀ ਸੀ ਜਿਵੇਂ ਰਹਾਓ, ਅੰਕ ਘਰ, ਰਾਗ ਆਦਿ ਨੂੰ ਕਾਇਮ ਰੱਖਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਨੇ ਰਾਮਕਲੀ, ਸੋਰਠ, ਕਲਿਆਣ, ਤਿਲੰਗ, ਕਾਫੀ ਬਿਲਾਵਲ, ਦੇਵਗੰਧਾਰੀ ਆਦਿ ਰਾਗਾਂ ਵਿੱਚ ਰਚਨਾ ਕਰਕੇ ਪਹਿਲਾਂ ਚਲੀ ਆ ਰਹੀ ਪਰੰਪਰਾ ਦਾ ਅਨੁਕਰਣ ਕੀਤਾ।

**ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚ ਤਾਲ ਦੀ ਪਰਪੱਕਤਾ:** ਗੁਰੂ ਜੀ ਦੀ ਬਾਣੀ ਨੂੰ ਦੇਖਦੇ ਹੋਏ ਅਸੀਂ ਆਖ ਸਕਦੇ ਹਾਂ ਕਿ ਇਹਨਾਂ ਦੀ ਬਾਣੀ ਵਿੱਚ ਰਵਾਨਗੀ ਹੈ, ਤਾਲ ਮਾਤਰਾ ਅਤੇ ਛੰਦ ਦੀ ਪਕੇਰੀ ਪਕੜ ਹੈ।

*'ਖਗ ਖੰਡ ਬਿਹੰਡੰ ਖਲਦਲ ਖੰਡੰ,*
*ਅਤਿਰਣ ਮੰਡੰ, ਬਰਬਡੰ'*

**ਸਵੈਯਾ**

*'ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ*
*ਸਦਾ ਅੰਗ ਸੰਗੇ ਅਭੰਗੀ ਬਿਭੂਤੇ।'*

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿੱਚ ਢਾਡੀਆਂ ਦੁਆਰਾ ਵਾਰ ਗਾਇਨ ਪਰੰਪਰਾ ਬਹੁਤ ਜੋਰਾਂ 'ਤੇ ਸੀ। ਇਸ ਤੋਂ ਬਿਨਾਂ ਤਾਊਸ, ਤਾਨਪੁਰਾ, ਪਖਾਵਜ, ਤਬਲਾ, ਮਿਰਦੰਗ, ਰਬਾਬ ਵਰਗੇ ਸਾਜ਼ਾਂ ਦੀ ਕੀਰਤਨ ਲਈ ਵਰਤੋਂ ਕੀਤੀ ਜਾਂਦੀ ਸੀ। ਆਪ ਦਾ ਜੀਵਨ ਜੰਗਾਂ ਨਾਲ ਭਰਪੂਰ ਰਿਹਾ ਪਰੰਤੂ ਆਪ ਦੁਆਰਾ ਰਚੀ ਗਈ ਬਾਣੀ ਦੇ ਸਾਹਿਤਕ ਅਤੇ ਸੰਗੀਤਕ ਗੁਣਾਂ ਨੂੰ ਦੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਇੱਕ ਮਹਾਨ ਕਵੀ, ਧਰਮ ਪ੍ਰਚਾਰਕ, ਯੋਧਾ ਅਤੇ ਸੂਰਬੀਰ ਸਨ।

**ਖਿਆਲ ਗਾਇਨ ਸ਼ੈਲੀ:** ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤੀ ਸੰਗੀਤ ਨੂੰ ਅਦੁੱਤੀ ਦੇਣ ਇਹ ਹੈ ਕਿ ਇਨ੍ਹਾਂ ਨੇ ਇੱਕ ਨਵੀਨ ਗਾਇਕ ਸ਼ੈਲੀ ਦਾ ਪ੍ਰਯੋਗ ਕੀਤਾ। ਇਸ ਸ਼ੈਲੀ ਨੂੰ ਸੰਗੀਤ ਵਿੱਚ ਖਿਆਲ ਗਾਇਨ ਸ਼ੈਲੀ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਬਹੁਤ ਸਾਰੇ ਇਤਿਹਾਸਕਾਰਾਂ ਨੇ ਖਿਆਲ ਗਾਇਨ ਦਾ ਅਵਿਸ਼ਕਾਰਕ ਅਮੀਰ ਖੁਸਰੋ ਨੂੰ ਮੰਨਿਆ ਹੈ। ਕਈ ਲੇਖਕਾਂ ਦਾ ਵਿਚਾਰ ਹੈ ਕਿ ਖਿਆਲ ਦਾ ਅਵਿਸ਼ਕਾਰ ਜੌਨਪੁਰ ਦੇ ਬਾਦਸ਼ਾਹ ਸੁਲਤਾਨ ਹੁਸੈਨ ਸਰਕੀ (1458-1499) ਨੇ ਕੀਤਾ। ਇਨ੍ਹਾਂ ਦੋਵਾਂ ਵਿਅਕਤੀਆਂ ਦੇ ਰਚੇ ਖਿਆਲਾਂ ਦਾ ਸਬੂਤ ਵਿੱਚ ਆਇਆ ਹੈ। ਪ੍ਰੋਫੈਸਰ ਤਾਰਾ ਸਿੰਘ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਰਚਨਾ ਵਿੱਚ 'ਖਿਆਲ' ਸ਼ਬਦ ਸ਼ੈਲੀ ਦੇ ਰੂਪ ਵਿੱਚ ਕਿਤੇ ਨਹੀਂ ਵਰਤਿਆ ਮਿਲਦਾ ਅਤੇ ਨਾ ਹੀ ਇਸ ਕਾਲ ਦੇ ਕਿਸੇ ਗਾਇਕ, ਭਗਤ, ਸੰਤ, ਕਵੀ ਜਾਂ ਕਿਸੇ ਸੂਫੀ ਫਕੀਰ ਨੇ 'ਖਿਆਲ' ਦੀ

ਵਰਤੋਂ ਆਪਣੀ ਰਚਨਾ ਵਿੱਚ ਕੀਤੀ ਹੈ। ਇਸ ਲਈ ਭਾਰਤੀ ਸੰਗੀਤ ਵਿੱਚ ਖਿਆਲ ਸ਼ੈਲੀ ਦੀ ਈਜਾਦ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਕੀਤੀ। ਇਸ ਗੱਲ ਦੀ ਪੁਸ਼ਟੀ ਲਈ ਗੁਰੂ ਗੋਬਿੰਦ ਸਿੰਘ ਰਚਿਤ ਖਿਆਲ 'ਮਿੱਤਰ ਪਿਆਰੇ ਨੂੰ' ਕਾਫੀ ਪ੍ਰਸਿੱਧ ਹੈ। ਖਿਆਲ ਗੀਤ ਦੀ ਰਚਨਾ ਸੰਖੇਪ ਹੁੰਦੀ ਹੈ। ਇਸ ਵਿੱਚ ਸਥਾਈ ਅਤੇ ਅੰਤਰਾ ਦੋ ਹੀ ਭਾਗ ਹੁੰਦੇ ਹਨ। ਇਸ ਪੱਖੋਂ ਗੁਰੂ ਗੋਬਿੰਦ ਸਿੰਘ ਜੀ ਦੇ ਉਪਰੋਕਤ ਖਿਆਲ ਦੀ ਬਣਤਰ ਬਹੁਤ ਸੁਚੱਜੀ ਹੈ।

ਨਿਰਸੰਦੇਹ ਆਰੰਭ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਖਿਆਲ ਸ਼ੈਲੀ ਵਿੱਚ ਸ਼ਬਦ ਦੀ ਰਚਨਾ ਕੀਤੀ ਪਰੰਤੂ ਰਾਜਸਥਾਨ, ਜੌਨਪੁਰ, ਰੁਹੇਲਖੰਡ, ਬੁੰਦੇਲਖੰਡ ਆਦਿ ਇਲਾਕਿਆਂ ਵਿੱਚ ਖਿਆਲ ਸ਼ੈਲੀ ਪ੍ਰਚੱਲਤ ਸੀ। ਇਹ ਸ਼ਾਸਤਰੀ ਸੰਗੀਤ ਦਾ ਹਿੱਸਾ ਨਹੀਂ ਸੀ ਸਗੋਂ ਇਸ ਦਾ ਝੁਕਾਅ ਲੋਕ ਸੰਗੀਤ ਵੱਲ ਵਧੇਰੇ ਸੀ। ਇਹ ਇੱਕ ਪ੍ਰਕਾਰ ਦਾ ਗੀਤ ਨਾਟ ਹੁੰਦਾ ਸੀ ਅਤੇ ਗ਼ਜ਼ਲ ਗਾਇਨ ਦੀ ਸ਼ੈਲੀ ਤੋਂ ਪ੍ਰੇਰਤ ਸੀ। ਇਸ ਖਿਆਲ ਵਿੱਚ ਗੀਤ ਅਭਿਨੇਅ ਅਤੇ ਨ੍ਰਿਤ ਦਾ ਸਮਾਵੇਸ਼ ਹੁੰਦਾ ਸੀ। ਇਹ ਖਿਆਲ ਲੋਕਸੰਗੀਤ ਦੀ ਇੱਕ ਵਿਧਾ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਜੀਵਨ ਦੇ ਵਿਸ਼ਲੇਸ਼ਨ ਤੋਂ ਉਨ੍ਹਾਂ ਦੀ ਕਾਵਿ ਅਤੇ ਸੰਗੀਤ ਨਾਲ ਵਾਬਸਤਾ ਮਹਾਨ ਸ਼ਖਸੀਅਤ ਦ੍ਰਿਸ਼ਟੀਮਾਨ ਹੁੰਦੀ ਹੈ ਸਮੁੱਚੀ ਭਾਰਤੀ ਸਭਿਅਤਾ ਲਈ ਇਹ ਮਹਾਂ ਪੁਰਸ਼ ਦਾ ਯੋਗਦਾਨ ਗੌਰਵਸ਼ਾਲੀ ਹੈ। ਅਸੀਂ ਆਪਣੇ ਸੀਮਤ ਉਦੇਸ਼ ਅਧੀਨ ਜੇਕਰ ਸੁਤੰਤਰ ਤੌਰ 'ਤੇ ਉਨ੍ਹਾਂ ਦਾ ਸੰਗੀਤ ਪ੍ਰਤੀ ਯੋਗਦਾਨ ਵੇਖੀਏ ਤਾਂ ਇਹ ਮੌਲਿਕ ਵਿਲੱਖਣ ਅਤੇ ਵਡਮੁੱਲਾ ਹੈ। ☬

---

'ਭਾਰਤੀ ਸੰਗੀਤ ਦਾ ਇਤਿਹਾਸ' ਵਿੱਚੋਂ
ਧੰਨਵਾਦ ਸਹਿਤ


## ਤਿੰਨ ਅਨਮੋਲ ਪੁਸਤਕਾਂ

*ਕੇਵਲ ਸੌ ਰੁਪਏ ਵਿਚ ਡਾਕ ਖਰਚ ਸਮੇਤ*

*ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15 ਏ, ਚੰਡੀਗੜ੍ਹ*

- ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ (ਪ੍ਰੋ. ਤਾਰਾ ਸਿੰਘ)
- ਗੁਰਮਤਿ ਸੰਗੀਤ ਵਿਸ਼ੇਸ਼ ਅੰਕ
- ਸਹਿਜ ਧੁਨ (ਪ੍ਰੋ. ਪਰਮਜੋਤ ਸਿੰਘ)

*With compliments from*

**Pardeep Singh Shergill**
**Professional Services Representative**

# PRIYA DRUGS LIMITED

D-5, S.S. Complex, Kapurthala Road, Jalandhar-21
Phone: 0181 - 257364 (O) Fax: 0181 - 257051

*With compliments from*
**Kulvinder Singh**

Phone : (O) 3312440
Resi. : 5721753

# SAWHNEY CLOTH HOUSE

46, Shanker Market, Connaught Circus, New Delhi - 110 001

# ਪੂਰੇ ਗੁਰ ਕੀ ਦੇਖ ਵਡਾਈ... ਦੇਖਾ ਹੀ ਪਰਵਾਨੁ

ਰਮੇਸ਼ ਸਿੰਘ ★

ਪਿਛਲੇ ਦਿਨੀਂ 2 Oct. ਤੋਂ 16 Oct. ਤੱਕ ਮਹਾਂਰਾਸ਼ਟਰ ਦੇ ਇੱਕ ਸ਼ਹਿਰ ਅੰਦਰ ਸਥਿਤ ਰੋਗੀਆਂ ਦੇ ਇੱਕ ਵੱਡੇ Treatement Centre ਵਿਖੇ ਗੁਰੂ ਚਰਨਾਂ ਦੇ ਭੌਰੇ ਬਣਨ ਦੇ ਚਾਹਵਾਨ ਕੁਝ ਸੇਵਕਾਂ ਦਾ ਇਕੱਠ ਹੋਇਆ ਜਿਸਦਾ ਮਨੋਰਥ ਸੀ ਸਤਿਸੰਗ ਤੇ ਕੇਵਲ ਸਤਿਸੰਗ ਕਰਨਾ। ਇਹ ਸਤਿਸੰਗ ਸਮਾਗਮ ਕੁਝ ਨਿਆਰਾ ਜਿਹਾ ਸੀ ਕਿਉਂਕਿ ਇਸ ਵਿੱਚ ਕੁਝ ਵੀ formal ਨਹੀਂ ਸੀ, ਦ੍ਰਿਸ਼ਟੀ ਦਾ ਕੋਈ ਆਕਰਸ਼ਣ ਨਹੀਂ ਸੀ- ਨਾ ਕੋਈ ਇਸ਼ਤਿਹਾਰ ਛਾਪੇ ਗਏ, ਨਾ ਪੈਸੇ ਲੈਣ ਵਾਲੇ ਵੱਡੇ-ਵੱਡੇ ਰਾਗੀ ਯਾ ਪ੍ਰਚਾਰਕ ਆਏ, ਨਾ ਸ਼ਾਮਿਆਨੇ ਲੱਗੇ, ਨਾ ਲਾਊਡਸਪੀਕਰ, ਨਾ ਚਮਕਦਾਰ ਲਾਈਟਾਂ ਨਾ ਝੰਡੀਆਂ ਨਾ ਕੋਈ ਦੁਕਾਨਾਂ ਲਗੀਆਂ, ਨਾ ਕਿਸੇ ਨੂੰ ਕੁਝ ਖਰੀਦਣ ਦਾ ਸ਼ੌਕ ਸੀ। ਨਾ ਕੋਈ ਤਮਾਸ਼ਬੀਨ ਸਨ, ਨਾ ਮੇਲੇ ਦਾ ਮਾਹੌਲ ਸੀ। ਇਹ ਸਮਾਗਮ ਕਿਸੇ ਵੱਡੇ ਸ਼ਹਿਰ ਯਾ ਵੱਡੇ ਮੈਦਾਨ 'ਚ ਨਹੀਂ ਹੋਇਆ, ਇਹ ਤਾਂ ਜਿਵੇਂ ਪਹਿਲਾਂ ਲਿਖਿਆ ਹੈ ਰੋਗੀਆਂ ਦੇ ਇੱਕ ਵੱਡੇ ਆਸ਼ਰਮ ਅੰਦਰ ਇੱਕ ਛੋਟੇ ਜਿਹੇ ਮਕਾਨ ਵਿੱਚ ਹੋਇਆ। ਪਰ, ਇਸ ਵਿੱਚ ਦਿੱਲੀ, ਜਮਸ਼ੇਦਪੁਰ, ਨਾਗਪੁਰ, ਬੈਂਗਲੌਰ, ਚੇਨਈ (ਤਾਮਿਲਨਾਡੂ), ਰਾਇਪੁਰ, ਅਕੋਲਾ, ਨਾਸਿਕ ਤੇ ਅੰਬਾਲਾ ਸ਼ਹਿਰਾਂ ਤੋਂ ਸੰਗਤ ਸ਼ਾਮਿਲ ਹੋਈ। ਇਹ ਪੂਰੀ ਤਰ੍ਹਾਂ informal ਸੀ ਤੇ ਇਸ ਵਿੱਚ ਸਾਰਾ ਜੋਰ ਅਦ੍ਰਿਸ਼ਟ ਪ੍ਰਭੂ ਨਾਲ ਜੁੜਨ ਤੇ ਸੀ। ਇੱਕ ਹੋਰ ਨਿਆਰਾਪਨ ਇਹ ਸੀ ਕਿ ਇਸ ਵਿੱਚ ਕੇਵਲ ਸਿੱਖ ਹੀ ਨਹੀਂ, ਬਲਕਿ ਹਿੰਦੂ, ਈਸਾਈ, ਮੁਸਲਮਾਨ, ਪੰਜਾਬੀ, ਮਰਾਠੀ, ਸਿੰਧੀ, ਮਦਰਾਸੀ ਵੀ ਸਮੇਂ-ਸਮੇਂ ਤੇ ਸ਼ਾਮਿਲ ਹੁੰਦੇ ਰਹੇ ਤੇ ਗੁਰੂ ਗ੍ਰੰਥ ਸਾਹਿਬ ਦੀ ਅਗੁਆਈ ਹੇਠ ਜੀਵਨ ਸੇਧ ਪ੍ਰਾਪਤ ਕਰਦੇ ਰਹੇ। ਇਸ ਸਮਾਗਮ ਅੰਦਰ ਸਾਰੇ serious ਹੋ ਕੇ, ਇੱਕ ਮਨ ਇੱਕ ਚਿਤ ਨਾਲ ਗੁਰੂ ਦੀ ਸਿੱਖਿਆ ਨੂੰ ਜਾਣ-ਸਮਝ ਕੇ ਉਸ ਤੇ ਅਮਲ ਕਰਨ ਦੇ ਚਾਹਵਾਨ ਸਨ, ਸੁ ਇਹ ਸਮਾਗਮ ਇੱਕ ਗੁਰਮਤਿ ਟ੍ਰੇਨਿੰਗ ਕੈਂਪ ਵੀ ਬਣ ਗਿਆ ਸੀ ਤੇ ਹਰ ਵੇਲੇ ਮਨ-ਤਨ ਨੂੰ ਟ੍ਰੇਨਿੰਗ ਮਿਲਦੀ ਸੀ, ਇਹ ਇੱਕ ਤਰ੍ਹਾਂ ਦੀ retreat (ਜਿਵੇਂ ਈਸਾਈ ਲੋਕ ਕਰਦੇ ਹਨ) ਵੀ ਸੀ ਜਿਸ ਵਿੱਚ ਗੁਰਬਾਣੀ ਦੀ ਰੋਸ਼ਨੀ ਅੰਦਰ, ਆਪਣੇ ਅੰਦਰ ਦੇ ਗੁਨਾਹਾਂ ਨੂੰ ਖੋਜਣ, ਪਛਾਣਨ ਤੇ ਫਿਰ ਉਹਨਾਂ ਤੋਂ ਛੁਟਕਾਰਾ ਪਾਉਣ ਦੀਆਂ ਕੋਸ਼ਿਸ਼ਾਂ ਤੇ ਅਰਦਾਸਾਂ ਸਿੱਖਦੇ ਸਨ ਸਾਰੇ। ਕੁਝ ਝਲਕੀਆਂ ਸਾਂਝੀਆਂ ਕਰਨ ਦੀ ਖੁਸ਼ੀ ਲੈ ਰਿਹਾ ਹਾਂ।

1. ਅੰਮ੍ਰਿਤ ਵੇਲਾ : ਅੰਮ੍ਰਿਤ ਵੇਲਾ ਸਿੱਖ ਜਿੰਦ-ਜਾਨ ਹੈ, ਜਦੋਂ ਤੀਕਰ ਉਸ ਅੰਦਰ ਸਾਹ ਚਲ ਰਿਹਾ ਹੈ ਉਹ ਅੰਮ੍ਰਿਤ ਵੇਲਾ ਨਹੀਂ ਛੱਡ ਸਕਦਾ ਕਿਉਂਕਿ ਗੁਰਬਾਣੀ ਦੇ ਫੁਰਮਾਨ ਅਨੁਸਾਰ *"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿਨਾਮੁ ਧਿਆਵੈ...* (ਪੰਨਾ 305) ਉਹ ਸਿੱਖ ਹੀ ਨਹੀਂ ਜੋ ਅੰਮ੍ਰਿਤ ਵੇਲੇ ਉੱਠ ਕੇ ਨਾਮ ਨਹੀਂ ਜਪਦਾ, ਇਹ ਪੜ੍ਹਾਈ ਰੋਜ਼ ਦ੍ਰਿੜ ਕਰਾਈ ਜਾਂਦੀ। ਪ੍ਰੇਮੀ 2:30 ਵਜੇ ਤੋਂ ਉਠਣਾ ਸ਼ੁਰੂ ਕਰਦੇ, ਵਾਰੋ-ਵਾਰੀ ਇਸ਼ਨਾਨ, ਨਿਤਨੇਮ ਤੋਂ ਬਾਅਦ ਚਾਹ ਪੀ ਕੇ ਪਹਿਲਾਂ ਸਾਰੇ ਅੱਧਾ ਘੰਟਾ (4-4:30 a.m.) ਹਰਿਮੰਦਰ ਸਾਹਿਬ ਤੋਂ ਰੇਡੀਓ ਤੇ relay ਹੋਣ ਵਾਲਾ ਕੀਰਤਨ ਸੁਣਦੇ, ਉਪਰੰਤ 4:30 ਤੋਂ 6 ਵਜੇ ਤੱਕ ਸਾਰੇ ਰਲ ਕੇ ਕੀਰਤਨ ਕਰਦੇ। ਮੁਖੀ ਕੀਰਤਨੀਏ ਤਿੰਨ ਸਨ, ਇੱਕ ਗੁਰਸਿੱਖ (ਜੋ ਆਸ਼ਰਮ ਵਿੱਚ ਕਈ ਵਰ੍ਹਿਆਂ ਤੋਂ ਰਹਿ ਕੇ ਰੋਗੀਆਂ ਦੀ ਸੇਵਾ ਕਰਦੇ ਹਨ) ਤੇ ਦੋ ਭੈਣਾਂ- ਇੱਕ ਪੰਜਾਬੀ ਹਿੰਦੂ ਤੇ ਦੂਜੀ ਮਦਰਾਸੀ। ਇੱਕ ਵਿਸ਼ੇਸ਼ ਵਿਸ਼ਾ- ਜਿਵੇਂ, ਅੰਮ੍ਰਿਤ ਵੇਲੇ ਦੀ ਮਹਾਨਤਾ ਤੇ ਲੋੜ, ਗੁਰਸਿੱਖ ਕੌਣ ਹੈ? ਸਾਡਾ ਕੀ ਹਾਲ ਹੈ? ਇਸ ਦੁਨੀਆਂ ਤੇ ਅਸੀਂ ਕੀਰਤਨ ਕਰਨ ਆਏ ਹਾਂ? ਸਾਡਾ ਸੱਚਾ ਮਿਤ੍ਰ ਕੌਣ ਹੈ? ਗੁਰੂ ਦੀ ਵਡਿਆਈ ਤੇ ਲੋੜ, ਜਿਵੇਂ-ਜਿਵੇਂ ਸਿੱਖ ਆਪਣੇ ਗੁਨਾਹਾਂ ਤੇ ਝਾਤੀ ਮਾਰਦਾ ਹੈ ਤਿਵੇਂ-ਤਿਵੇਂ ਉਸ ਤੇ ਪ੍ਰਭੂ ਦੀ ਰਹਿਮਤ ਵਰਸਦੀ ਹੈ; ਸਾਡਾ ਸਭ ਤੋਂ ਵੱਡਾ ਸਲਾਹਕਾਰ, guide ਗੁਰੂ ਹੈ; ਗੁਰੂ ਕਿਵੇਂ ਸਿੱਖ ਦੇ ਅਉਗਣਾਂ ਨੂੰ ਨਜ਼ਰ ਅੰਦਾਜ ਕਰ ਕੇ ਉਸਨੂੰ ਗਲੇ ਲਗਾਂਦਾ ਹੈ; ਗੁਰੂ ਦੇ ਦਰਸ਼ਨ ਦੀਆਂ ਨਿਸ਼ਾਨੀਆਂ; ਪ੍ਰਭੂ ਅੱਗੇ ਢਹਿ ਕੇ ਆਪਣੇਂ ਗੁਨਾਹਾਂ ਦੀ ਸ਼ਰਮ ਹੇਠ ਕਿਵੇਂ ਬੇਨਤੀਆਂ ਕਰਨੀਆਂ ਹਨ; ਜੇ ਪ੍ਰਭੂ ਨਾਲ ਪਿਆਰ ਪਾਉਣਾ ਹੈ ਤਾਂ ਦੁਨੀਆਂ ਦੀ ਪ੍ਰੀਤ ਤੋੜਨੀ ਹੀ ਪਵੇਗੀ; ਨਾਮ ਦੀ ਤਾਕਤ; ਸਰਬ ਰੋਗ ਕਾ ਅਉਖਧ ਨਾਮ; ਪ੍ਰਭੂ ਦੀ ਵਡਿਆਈ ਵਿਚਾਰਨੀ; ਗੁਰੂ ਨੂੰ ਜਿੰਦਗੀ ਅੰਦਰ ਮਾਣਨਾ (relih ਕਰਨਾ); ਜਿਸਦਾ ਸਾਹਿਬ ਡਾਹਢਾ ਹੈ ਉਸਨੂੰ ਕੌਣ ਮਾਰ ਸਕਦਾ ਹੈ; ਗੁਰੂ ਚਰਨਾਂ ਦੇ ਆਸ਼ਰਮ ਵਿੱਚ ਵਿਚਰਦਿਆਂ ਸਿੱਖ ਕਿਵੇਂ ਅਨੰਦ ਮਾਣਦਾ ਹੈ; ਪੂਰੇ ਗੁਰੂ ਦੀ ਗੁਲਾਮੀ ਅੰਦਰ total tiberation (ਪੂਰੀ ਆਜਾਦੀ) ਹੈ, ਆਦਿ- ਇੱਕ theme ਸ਼ਬਦ ਪੜ੍ਹਦੇ ਤੇ ਨਾਲ ਗੁਰਬਾਣੀ ਅੰਦਰੋਂ ਬਹੁਤ ਸਾਰੇ ਪ੍ਰਮਾਣ ਦੇ ਕੇ sub-

★ # 16, Kasidih East, Road No.1 Sakchi, Jamshedpur - 831 001 (Bihar)

ject ਨੂੰ ਦ੍ਰਿੜ ਕਰਾਂਦੇ। ਉਸਨੂੰ ਚੰਗੀ ਤਰ੍ਹਾਂ ਘੋਖਿਆ ਜਾਂਦਾ, ਲੋੜ ਪੈਣ ਤੇ ਗੈਰ-ਸਿੱਖ ਸਤਿਸੰਗੀਆਂ ਨੂੰ ਹਿੰਦੀ ਵਿੱਚ ਸੱਚ ਦੀ ਪੜ੍ਹਾਈ ਸਮਝਾਈ ਜਾਂਦੀ। ਇਸ ਗੱਲ ਤੇ ਪੂਰਾ ਜੋਰ ਹੁੰਦਾ ਕਿ ਇੱਕ-ਇੱਕ ਤੁਕ ਅੰਦਰ ਵਸ ਜਾਏ, ਸੋ ਨਾਲ-ਨਾਲ ਵਿਆਖਿਆ ਤੇ ਵਿਚਾਰ ਵੀ ਹੁੰਦੀ ਤੇ ਇਸ ਤਰ੍ਹਾਂ ਗੁਰ ਸਿੱਖਿਆ ਚੰਗੀ ਤਰ੍ਹਾਂ ਸਮਝ ਆ ਜਾਂਦੀ।

2. **ਗੁਰੂ ਦੀ ਵਡਿਆਈ** : ਗੁਰੂ ਦੀ ਵਡਿਆਈ ਚਮਕੇ, ਸਾਨੂੰ ਕੋਈ ਨਾ ਜਾਣੇ, ਇਹ ਪੜ੍ਹਾਈ ਸਾਰੇ ਸਿੱਖਦੇ। ਪ੍ਰਭੂ ਕਿਰਪਾ ਸਦਕਾ, ਗੁਰੂ ਦੀ ਵਡਿਆਈ ਉਸਦੇ ਸੇਵਕਾਂ ਰਾਹੀਂ ਵਾਰ-ਵਾਰ ਪ੍ਰਗਟ ਹੁੰਦੀ ਦਿਸਦੀ। ਸਿੱਖ ਵਾਰ-ਵਾਰ ਉਸ ਵਡਿਆਈ ਨੂੰ ਗੁਰੂ ਨੂੰ transfer ਕਰਦਾ ਤੇ ਸ਼ੁਕਰ ਕਰਦਾ ਕਿ ਉਸਨੇ ਕਿਰਪਾ ਕਰ ਕੇ ਅਉਗੁਣਿਆਰੇ, ਨੀਚ, ਅਜਾਨ, ਮੂਰਖ, ਮੁਗਧ ਨੂੰ ਆਪਣਾ instrument ਬਣਾਇਆ। ਇੱਕ ਦਿਨ ਕਿਸੇ ਪਿੰਡ 'ਚੋਂ ਇੱਕ ਮੁਸਲਮਾਨ (retired headmaster) Abdul Javed (ਅਬਦਲ ਜਾਵੇਦ) -ਜੋ ਸਿੱਖ ਨੂੰ ਜਾਣਦਾ ਵੀ ਨਹੀਂ ਸੀ, ਮਰਾਠੀ ਅਖਬਾਰ ਵਿੱਚ ਛਪੇ ਉਸਦੇ ਇੱਕ ਲੇਖ ਨੂੰ ਪੜ੍ਹ ਕੇ ਰਹਿ ਨਾ ਸਕਿਆ, ਮਿਲਣ ਆ ਗਿਆ ਤੇ ਸਿੱਖ ਦੀ ਨਿਸ਼ਕਾਮ ਸੇਵਾ ਤੋਂ ਪ੍ਰਭਾਵਿਤ ਹੋ ਕੇ ਇੱਕ ਲੰਮੀ ਕਵਿਤਾ ਸਿੱਖ ਦੀ ਵਡਿਆਈ ਵਿੱਚ, ਇੱਕ ਬੜੇ poster ਤੇ ਲਿਖ ਕੇ ਲੈ ਆਇਆ, ਭੇਂਟ ਕਰਨ। ਸਿੱਖ ਨੇ ਜਿੱਥੇ ਇੱਕ ਪਾਸੇ- *"ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ"* (ਪੰਨਾ 383) -ਗੁਰੂ ਦਾ ਸ਼ੁਕਰਾਨਾ ਕੀਤਾ ਉੱਥੇ ਨਾਲ ਹੀ ਸਭ ਨੂੰ ਇਹ ਸਖਤ ਹਿਦਾਇਤ ਵੀ ਕੀਤੀ ਕਿ ਇਹ ਕਵਿਤਾ ਬਿਲਕੁਲ ਨਾ ਛਾਪੀ ਜਾਏ, ਨਾ ਹੀ ਇਹ poster ਕਿਤੇ ਟੰਗਿਆ ਜਾਏ ਕਿਉਂਕਿ ਇਹ ਵਡਿਆਈ ਤਾਂ ਗੁਰੂ ਦੀ ਚਰਣ ਛੋਹ 'ਚੋਂ ਨਿਕਲੀ ਹੈ ਵਰਨਾ *"ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ..."* (ਪੰਨਾ 167)। ਜਾਵੇਦ ਮੀਆਂ ਸਾਰਾ ਦਿਨ ਰਿਹਾ, ਸਤਿਸੰਗ ਸੁਣਿਆ ਤੇ ਬਹੁਤ ਪ੍ਰਸੰਨ ਹੋ ਕੇ ਜਾਣ ਲੱਗਾ ਇਹ ਕਹਿ ਗਿਆ- *'ਜਾਵੇਦ ਜਬ ਆਇਆ ਤੋ ਬੇਚੈਨ ਥਾ, ਯਹਾਂ ਸਤਿਸੰਗ ਕਰ ਕੇ ਮਨ ਕੋ ਚੈਨ ਮਿਲਾ'*। ਉਸੇ center ਦੇ ਮਰਾਠੀ ਡਾਕਟਰ ਨੇ ਇੱਕ ਦਿਨ ਸਾਰੀ ਸੰਗਤ ਨੂੰ ਸ਼ਾਮ ਵੇਲੇ ਆਪਣੇ ਘਰ ਬੁਲਾਇਆ ਸਤਿਸੰਗ ਲਈ। ਉਸਦੀ ਪਤਨੀ, ਮਾਂ, ਬੱਚੇ ਤੇ ਹੋਰ ਕਈ ਸੰਗੀ-ਸਾਥੀ, ਗੁਰੂ ਦੇ ਦਾਸਾਂ ਨਾਲ ਸੰਗਤ ਕਰ ਕੇ ਬਹੁਤ ਖੁਸ਼ ਹੋਏ ਤੇ ਉਨ੍ਹਾਂ ਦੇ ਮਨਾਂ 'ਚੋਂ ਜਿਵੇਂ 'ਧੰਨ ਗੁਰੂ ਧੰਨ ਗੁਰੂ ਪਿਆਰੇ' ਦੀ ਧੁਨੀ ਨਿਕਲ ਰਹੀ ਸੀ ਤੇ ਗੁਰੂ ਦੇ ਨੌਕਰ-ਚਾਕਰ ਪ੍ਰਸੰਨ ਸਨ *"...ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ"* (ਪੰਨਾ 611) ਪ੍ਰਤੱਖ ਵੇਖਣ ਵਿੱਚ ਆ ਰਹੀ ਸੀ।

3. **Total Universality (ਏਕ ਪਿਤਾ ਏਕਸ ਕੇ ਹਮ ਬਾਰਿਕ)** : ਇਸ ਸਤਿਸੰਗ ਦਾ ਇਹ ਨਿਆਰਾਪਨ ਵਾਰ-ਵਾਰ ਉਭਰ ਕੇ ਸਾਹਮਣੇ ਆਉਂਦਾ ਸੀ ਤੇ ਸਾਰੇ ਇਸ ਗੱਲ ਤੇ ਮਾਣ ਕਰਦੇ ਕਿ ਜਿਵੇਂ ਸਾਡੇ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਆਪਣੇ ਅੰਦਰ ਗੁਰੂ ਸਾਹਿਬਾਨਾਂ ਦੇ ਨਾਲ-ਨਾਲ ਹਿੰਦੂ-ਮੁਸਲਿਮ ਤੇ ਉਚ-ਨੀਚ ਜਾਤ ਦੇ ਭਗਤਾਂ ਦੀ ਬਾਣੀ ਸਮੋਈ ਬੈਠੇ ਹਨ ਤੇ ਸਾਂਝਾ ਉਪਦੇਸ਼ ਦੇਂਦੇ ਹਨ, ਇਸ ਸਤਿਸੰਗ ਵਿੱਚ ਵੀ ਕਈ ਧਰਮਾਂ, ਜਾਂਤੀਆਂ, ਬੋਲੀਆਂ, ਪ੍ਰਾਂਤਾਂ ਦੇ ਲੋਕ ਸਾਂਝੇ ਰੂਪ ਵਿੱਚ, ਜਗਤ ਗੁਰੂ ਤੋਂ ਸਾਰੀ ਮਾਨਵਤਾ ਲਈ ਸਾਂਝਾ ਪੈਗਾਮ ਸੁਣ ਰਹੇ ਹਨ। ਸਾਰੇ complex ਅੰਦਰ ਇੱਕ ਵੀ ਪੰਜਾਬੀ ਜਾਂ ਸਿੱਖ ਨਹੀਂ, ਪਰ ਉਨ੍ਹਾਂ ਦੇ ਮਨਾਂ ਨੂੰ, ਸਿੱਖਾਂ ਦੇ ਅੰਦਰ ਵਸਦੇ ਪ੍ਰਭੂ- ਗੁਰੂ ਪਿਆਰ, ਪਿਆਰ ਦੀ ਬੋਲੀ, ਪਿਆਰ ਵਰਤਣ ਅਤੇ ਪਿਆਰ ਵਾਲੀ ਸੇਵਾ ਨੇ ਜਿੱਤ ਲਿਆ ਸੀ। ਬੱਚੇ-ਬੁੱਢੇ-ਜਵਾਨ, ਔਰਤਾਂ-ਆਦਮੀ, ਸਾਰੇ ਸਿੱਖਾਂ ਨੂੰ ਵੇਖ ਕੇ ਖਿੜ ਜਾਂਦੇ। ਪ੍ਰਭੂ-ਨਾਮ ਦੇ ਪਿਆਰ ਨੇ ਸਾਰੀਆਂ ਦੀਵਾਰਾਂ ਢਾਹ ਕੇ ਉਨ੍ਹਾਂ ਦੇ ਮਨਾਂ ਅੰਦਰ ਘਰ ਬਣਾ ਲਿਆ ਸੀ ਜੋ ਉਨ੍ਹਾਂ ਦੇ ਟੁੱਟੇ -ਭੱਜੇ, ਵਿੰਗੇ-ਟੇਢੇ ਸ਼ਰੀਰਾਂ ਤੇ ਚਿਹਰਿਆਂ ਤੋਂ ਫੁੱਟ-ਫੁੱਟ ਕੇ ਪ੍ਰਗਟ ਹੁੰਦਾ ਸੀ। ਏਕੁ ਪਿਤਾ ਏਕਸ ਕੇ ਹਮ ਬਾਰਿਕ ਦੀ ਪ੍ਰਤੱਖ ਮਿਸਾਲ ਦਿਸਦੀ ਸੀ, ਸਾਰੇ ਬੇਗਮਪੁਰਾ ਦੇ ਵਾਸੀ ਬਣ ਗਏ ਸਨ ਤੇ ਕੁਦਰਤ ਦੇ ਬੰਦੇ ਹੋਣ ਕਰਕੇ ਭਲੇ-ਮੰਦੇ ਦਾ ਸਵਾਲ ਹੀ ਖਤਮ ਹੋ ਗਿਆ ਸੀ, ਸਾਰੇ ਇੱਕੋ ਸਨ, ਇੱਕੋ ਸੂਤ ਵਿੱਚ ਪਿਰੋਏ ਹੋਣ ਕਰਕੇ।

4. **ਦਸਵੰਧ ਦਾ ਕਮਾਲ** : ਗੁਰੂ ਸਾਹਿਬ ਨੇ ਸਿੱਖ ਨੂੰ ਕਿਆ ਕਮਾਲ ਦੀ concept ਬਖਸ਼ੀ ਹੈ ਵੰਡ ਛਕਣ ਦੀ, ਜਿਸਦਾ ਰੂਪ ਹੈ ਦਸਵੰਧ। ਕਈ ਵਾਰ ਵੇਖਿਆ ਕਿ ਲੋੜਵੰਦਾਂ ਦੀ ਲੋੜ ਪੂਰੀ ਕਰਦਿਆਂ ਸਿੱਖ ਨੂੰ ਝਿਜਕ ਜਾਂ ਦੇਰ ਨਹੀਂ ਸੀ ਲਗਦੀ। ਜੇ ਪਿਛਲੇ ਸਾਲ centre ਨੂੰ ambulance ਦੀ ਲੋੜ ਸੀ ਤਾਂ ਸੰਗਤ ਨੇ ਤਿੰਨ ਲੱਖ ਰੁਪਿਆ ਦੇ ਦਿੱਤਾ। ਉਸੇ ਸ਼ਹਿਰ ਵਿੱਚ, ਜਦੋਂ ਪਤਾ ਲੱਗਾ ਕਿ ਇੱਕ Heart Hospital (ਕਿਸੇ ਸੰਸਥਾ ਵਲੋਂ) ਬਣਨ ਲੱਗਾ ਹੈ ਤਾਂ ਵੀ ਗੁਰੂ ਦੇ ਸੇਵਕਾਂ ਨੇ, ਬਗੈਰ ਮੰਗੇ ਇੱਕ ਲੱਖ ਰੁਪਿਆ ਦੇ ਦਿੱਤਾ ਤੇ ਇਸ ਵਾਰ ਜਦੋਂ ਪਤਾ ਲੱਗਾ ਕਿ ਕਿਸੇ ਹੋਰ ਸ਼ਹਿਰ ਵਿੱਚ, ਇੱਕ ਗਰੀਬ, ਹੋਣਹਾਰ

(B.Sc. ਪਾਸ) ਨੌਜੁਵਾਨ (ਗੈਰਸਿੱਖ) ਬਲਡ ਕੈਂਸਰ ਤੋਂ ਪੀੜਤ ਹੈ, ਮਦਦ ਲੋੜਦਾ ਹੈ ਤਾਂ ਇੱਕ ਲੱਖ ਰੁਪਿਆ ਉਸਦੇ ਇਲਾਜ ਲਈ ਦਿੰਦਿਆਂ ਦੇਰ ਨਹੀਂ ਲਾਈ। ਜੋ ਕਿਸੇ Hostel ਦੇ ਗਰੀਬ ਬੱਚਿਆਂ ਨੇ request ਕੀਤੀ ਤਾਂ ਉਸੇ ਦਿਨ ਉਨ੍ਹਾਂ ਲਈ ਇੱਕ TV ਲੈ ਕੇ ਉੱਥੇ ਫਿਟ ਕਰਵਾ ਦਿੱਤਾ। ਕਿਸੇ ਸਕੂਲ ਦੇ ਯਤੀਮ ਬੱਚਿਆਂ ਨੂੰ ਬੁਲਾ ਕੇ ਲੰਗਰ ਛਕਾਇਆ ਤੇ ਜਾਣ ਲੱਗਿਆਂ ਉਨਾਂ ਨੂੰ ਗਿਫਟ ਵੀ ਦਿੱਤੇ। ਜੇ ਕਿਸੇ ਸਕੂਲ ਦੇ ਗਰੀਬ ਰੋਗੀਆਂ ਦੇ ਬੱਚੇ Cricket match ਜਿੱਤ ਕੇ ਆਏ ਤਾਂ ਬੱਚਿਆਂ ਨੂੰ ਚਾਹ-ਪਾਣੀ ਲਈ ਪੈਸੇ ਦਿੱਤੇ। ਪੜ੍ਹਾਈ ਵਿੱਚ ਹੋਣਹਾਰ ਬੱਚਿਆਂ ਨੂੰ ਤੇ best teacher ਨੂੰ ਇਨਾਮ ਵੀ ਦਿੱਤੇ। ਇਹ ਪਤਾ ਲਗਣ ਤੇ ਕਿ ਪਾਣੀ ਦਾ ਇੱਕੋ ਪੰਪ ਹੋਣ ਕਰਕੇ-ਪੰਪ ਫੇਲ ਹੋ ਜਾਣ ਤੇ- ਸਾਰਿਆਂ ਨੂੰ ਬੜੀ ਤਕਲੀਫ ਹੁੰਦੀ ਹੈ, ਸਿੱਖ ਨੇ ਕਹਿ ਦਿੱਤਾ ਗੁਰੂ ਕਿਰਪਾ ਕਰੇਗਾ, 15,000-20,000 ਰੁਪਏ ਦਾ ਇੱਕ ਸਪੇਅਰ pump ਖਰੀਦ ਲਵੋ, ਅਸੀਂ ਸੇਵਾ ਕਰਨ ਦੀ ਖੁਸ਼ੀ ਲਵਾਂਗੇ। ਗੁਰੂ ਕਿਰਪਾ ਸਦਕਾ, ਪੈਸੇ ਦੀ ਪਕੜ 'ਚੋਂ ਮੁਕਤ ਹੋ ਕੇ ਸਿੱਖ ਕਿਵੇਂ ਹਰ ਵੇਲੇ ਲੋੜਵੰਦਾਂ ਦੀ ਮਦਦ ਕਰਨ ਵਿੱਚ ਸਮਰੱਥ ਹੋ ਜਾਂਦਾ ਹੈ ਤੇ, ਬਗੈਰ ਕਿਸੇ appeal ਜਾਂ request ਦੇ, ਢੇਰਾਂ ਦੇ ਢੇਰ ਪੈਸਾ ਆਪਣੇ ਆਪ ਆਈ ਜਾਂਦਾ ਹੈ, ਇਹ ਕਮਾਲ ਵੇਖ ਕੇ ਮਨ ਅਸ਼-ਅਸ਼ ਕਰ ਉੱਠਦਾ ਸੀ।

5. **ਅਮਲੀ ਜੀਵਨ ਤੇ ਜ਼ੋਰ :** ਅੰਮ੍ਰਿਤ ਵੇਲੇ ਤੋਂ ਇਲਾਵਾ ਰੋਜ਼ 3-4 session ਲਗਦੇ ਜਿਸ ਵਿੱਚ ਕੀਰਤਨ ਜਾਂ ਗੁਰਮਤਿ ਵਿਚਾਰਾਂ ਹੁੰਦੀਆਂ ਤੇ ਫਿਰ ਅਰਦਾਸ ਵਿੱਚ ਇਹ ਬੇਨਤੀ ਜ਼ਰੂਰ ਕੀਤੀ ਜਾਂਦੀ- "ਸਤਿਗੁਰ ਜੀਓ, ਐਸਾ ਕਿਰਪਾ ਕਰਨੀ ਕਿ ਜੋ ਪੜ੍ਹਦੇ-ਸੁਣਦੇ ਹਾਂ ਸਤਿਸੰਗ ਅੰਦਰ, ਸਾਡੇ ਜੀਵਨ ਵਿੱਚ ਅਮਲੀ ਰੂਪ ਵਿੱਚ ਪ੍ਰਗਟ ਹੋਵੇ; ਜੋ ਕਹਿੰਦੇ ਹਾਂ ਉਹ ਕਰੀਏ ਤੇ ਜੋ ਕਰੀਏ ਉਹੋ ਕਹੀਏ।" ਵਾਰ-ਵਾਰ ਇਹ ਪੜ੍ਹਾਈ ਦ੍ਰਿੜ ਕਰਾਈ ਜਾਂਦੀ ਕਿ ਕੀਰਤਨ ਕਰਨਾ- ਸੁਣਨਾ ਕਾਫੀ ਨਹੀਂ, ਗੁਰੂ ਦੇ ਹੁਕਮਾਂ ਨੂੰ ਜਿੰਦਗੀ ਵਿੱਚ ਢਾਲਣਾ ਹੈ, ਉਸਦੀ ਕਮਾਈ ਕਰਨੀ ਹੈ, ਬਗੈਰ ਇਸ ਦੇ ਨਾਮ ਅੰਦਰ ਨਹੀਂ ਆ ਸਕਦੀ। ਅਦ੍ਰਿਸ਼ਟ, ਅਗੋਚਰ ਪ੍ਰਭੂ ਨੂੰ ਪਕੜਨ ਲਈ, ਗੁਰੂ ਸ਼ਬਦ ਅਨੁਸਾਰ ਜਿੰਦਗੀ ਢਾਲਣੀ ਹੀ ਪਵੇਗੀ, ਗੱਲਾਂ-ਬਾਤਾਂ ਤੇ ਕਰਮ ਕਾਂਡਾਂ ਨਾਲ ਕੰਮ ਬਣਨਾ ਨਹੀਂ। ਇਸ ਸਤਿਸੰਗ ਸਮਾਗਮ ਦਾ ਇਹ ਵੀ ਨਿਆਰਾਪਨ ਸੀ ਕਿ ਐਸੀਆਂ ਅਮਲੀ ਜੀਵਨ ਵਾਲੀਆਂ ਰੂਹਾਂ ਉੱਥੇ ਵਿਚਰ ਰਹੀਆਂ ਸਨ ਜਿਨ੍ਹਾਂ ਤੋਂ ਪ੍ਰੇਰਣਾ ਮਿਲਦੀ ਸੀ ਕਿ ਮੈਂ ਵੀ ਅਮਲ ਕਰਕੇ ਪ੍ਰਭੂ ਦਾ ਰੰਗ ਮਾਣਾਂ। ਇੱਕ ਨੇਤ੍ਰਹੀਣ ਮਦਰਾਸੀ ਭੈਣ ਨੇ, ਅੱਖਾਂ ਦੀ ਰੋਸ਼ਨੀ ਦੀ ਕਮੀ ਨੂੰ ਪ੍ਰਭੂ ਦਾ ਭਾਣਾ ਜਾਣ, ਐਸੇ ਪਿਆਰ ਨਾਲ ਮਿੱਠਾ ਕਰ ਕੇ ਮੰਨਿਆ ਹੈ ਕਿ ਉਹ ਅੰਧੁਲੇ ਤ੍ਰਿਭਵਨ ਸੁਝਿਆ ਦੀ ਮਿਸਾਲ ਬਣ ਗਈ ਹੈ। ਤਾਮਿਲ ਭਾਸ਼ੀ ਹੋਣ ਦੇ ਬਾਵਜੂਦ ਗੁਰਬਾਣੀ ਦੇ ਬਹੁਤ ਸਾਰੇ ਸ਼ਬਦ ਉਸਨੂੰ ਕੰਠ ਹਨ, ਕੀਰਤਨ ਕਰਦੀ ਹੈ, ਗੁਰਸਿੱਖੀ ਅਸੂਲਾਂ ਦੀ ਧਾਰਣੀ ਹੈ, ਗੁਰਮਤਿ ਦੀ ਗਹਿਰੀ ਸੂਝ ਰੱਖਦੀ ਹੈ ਤੇ ਅਪਾਹਿਜ ਹੋਣ ਦੇ ਬਾਵਜੂਦ, ਗੁਰੂ ਦੇ ਸਹਾਰੇ ਕਈ ਬੇਸਹਾਰਿਆਂ ਨੂੰ ਸਹਾਰਾ ਦੇਣ ਦੇ ਸਮਰੱਥ ਹੋ ਗਈ ਹੈ। ਇੱਕ ਮਰਾਠੀ ਭੈਣ ਜੋ 32 ਸਾਲਾਂ ਦੀ ਉਮਰ ਵਿੱਚ ਹੀ (ਪ੍ਰਭੂ ਦੇ ਭਾਣੇ ਅੰਦਰ) ਵਿਧਵਾ ਹੋ ਗਈ ਸੀ, ਗੁਰੂ ਗ੍ਰੰਥ ਸਾਹਿਬ ਦੀ ਸ਼ਰਣ ਵਿੱਚ ਆਈ ਪ੍ਰਭੂ ਕਿਰਪਾ ਸਦਕਾ, ਤੇ ਗੁਰੂ ਤੋਂ ਪ੍ਰਾਪਤ ਸਿੱਖਿਆ *"ਜਿਸਕੀ ਬਸਤੁ ਤਿਸ ਆਗੇ ਰਾਖੈ॥ ਪ੍ਰਭ ਕੀ ਆਗਿਆ ਮਾਨੈ ਮਾਥੈ॥"* (ਪੰਨਾ 268) ਤੇ ਅਮਲ ਕਰਕੇ (ਗੁਰੂ ਕਿਰਪਾ ਸਦਕਾ) ਸ਼ਿਕਾਇਤ ਨਹੀਂ ਕੀਤੀ। ਸਮਰੱਥ ਗੁਰੂ ਨੇ ਉਸਦੇ ਸਿਰ ਤੇ ਹੱਥ ਰੱਖਿਆ- ਆਪਣੇ ਇੱਕ ਸਿੱਖ ਗੁਰੂ ਦੀ ਡਿਊਟੀ ਲਾਈ ਉਸ ਦੀ ਸੇਵਾ ਵਿੱਚ (ਸਿੱਖ ਨੇ ਉਸਨੂੰ, ਤੇ ਉਸਦੀਆਂ ਤਿੰਨ ਬੇਟੀਆਂ ਨੂੰ, ਪ੍ਰਭੂ ਦੇ ਨਾਮ ਦੀਆਂ ਅਪਣੀਆਂ ਬੇਟੀਆਂ ਬਣਾ ਲਿਆ) ਤੇ ਉਸ ਅਬਲਾ ਦੀ ਜਿੰਦਗੀ ਵਿੱਚ ਪਤੀ ਦੀ ਅਚਾਨਕ ਮੌਤ ਕਾਰਨ ਆਇਆ vacuum ਚੌਗੁਣਾ ਭਰ ਦਿੱਤਾ। ਇੱਕ ਬੇਟੀ Computer Engineer ਬਣ ਕੇ ਨੌਕਰੀ ਕਰਦੀ ਹੈ (ਮੁੰਬਈ ਵਿਖੇ) ਤੇ ਉਸਦੀ ਸ਼ਾਦੀ ਹੋ ਚੁੱਕੀ ਹੈ, ਛੋਟੀਆਂ ਦੋਨੋਂ B.E. ਕਰ ਰਹੀਆਂ ਹਨ, ਉਸਦੇ ਦੋ ਮਕਾਨ ਬਣ ਗਏ ਹਨ ਤੇ ਖੁਦ ਨੂੰ ਵੀ ਸਰਕਾਰੀ ਨੌਕਰੀ ਮਿਲ ਗਈ ਹੈ- ਇਹ ਸਾਰਾ ਕੁਝ ਪਤੀ ਦੀ ਮੌਤ ਤੋਂ ਬਾਅਦ ਹੋਇਆ। ਇੱਕ ਹੋਰ ਮਿਸਾਲ- ਸਾਡੇ ਸਭ ਤੋਂ ਵਡੇਰੀ ਉਮਰ ਦੇ ਸਤਿਸੰਗੀ, 84 ਸਾਲਾਂ ਦੇ, ਕਿਸੇ stage ਦੇ acting Governor ਵਿੱਚ ਵੀ ਰੰਗ ਵਿੱਚ ਰਹਿੰਦੇ, 3 ਵਜੇ ਉਠ ਜਾਂਦੇ ਤੇ ਕਹਿੰਦੇ, "ਮੈਂ ਸਭ ਤੋਂ ਜੂਨੀਅਰ ਸਤਿਸੰਗੀ ਹਾਂ"। ਉਹ ਮਾਣ ਹੋਂਦੇ ਹੋਇ ਨਿਮਾਣਾ ਤੇ ਤਾਣ ਹੋਂਦੇ ਹੋਇ ਨਿਤਾਣਾ ਦੀ ਪ੍ਰਤੱਖ ਮਿਸਾਲ ਪ੍ਰਤੀਤ ਹੁੰਦੇ ਸਨ। ਇਸੇ ਤਰ੍ਹਾਂ ਦੀਆਂ ਹੋਰ ਕਈ ਮਿਸਾਲਾਂ ਵੇਖ-ਵੇਖ ਕੇ ਪੁਰਾਤਨ ਸਿੱਖਾਂ ਦੀਆਂ ਸਾਖੀਆਂ ਯਾਦ ਆਉਂਦੀਆਂ ਜਿਨ੍ਹਾਂ ਗੁਰੂ-ਹੁਕਮਾਂ ਅੱਗੇ ਸੀਸ ਵੇਚ ਕੇ

ਕਮਾਈਆਂ ਕੀਤੀਆਂ ਸਨ ਤੇ ਪ੍ਰੇਰਣਾ ਪ੍ਰਾਪਤ ਹੁੰਦੀ ਕਿ ਅੱਜ ਵੀ, ਗੁਰੂ-ਹੁਕਮਾਂ ਤੇ ਅਮਲ ਰਾਹੀਂ ਇਸ ਸੜਦੇ-ਬਲਦੇ ਸੰਸਾਰ ਅੰਦਰ ਸਦੀਵੀ ਸੁੱਖ ਮਾਣਿਆ ਜਾ ਸਕਦਾ ਹੈ। ਗੁਰੂ ਦੇ ਹੁਕਮਾਂ ਤੇ ਅਮਲ ਕਰਨੇ ਵਾਲੇ ਸਿੱਖ ਨੂੰ ਕੋਈ ਚਿੰਤਾ ਨਹੀਂ, ਕੋਈ ਦੁੱਖ ਨਹੀਂ, ਕੋਈ ਸ਼ਿਕਾਇਤ ਨਹੀਂ, ਕੋਈ tension ਨਹੀਂ, ਕੋਈ ਪ੍ਰੇਸ਼ਾਨੀ ਨਹੀਂ, ਮੌਤ ਦਾ ਡਰ ਨਹੀਂ, ਅਨੰਦ ਹੀ ਅਨੰਦ ਹੈ, ਖੇੜਾ ਹੈ, ਸ਼ਾਂਤੀ ਹੈ, ਸਹਿਜ ਹੈ, ਸਭ ਨਾਲ ਪਿਆਰ ਕਰਨ ਦਾ ਚਾਅ ਹੈ, ਸਭ ਨੂੰ ਮੀਤ ਸਮਝਣ ਦੀ ਸੂਝ ਹੈ, ਦੁਖੀਆਂ ਦੇ ਦੁੱਖ ਦੂਰ ਕਰਨ ਦਾ ਦਰਦ ਹੈ, ਸਮਾਜ ਦੇ ਅਖੌਤੀ ਨੀਚਾਂ ਨਾਲ ਰਹਿ ਕੇ ਉਨ੍ਹਾਂ ਦੇ ਸੁੱਖ-ਦੁੱਖ ਦਾ ਸਾਂਝੀਬਣ ਕੇ ਗੁਰੂ ਦੀ ਕਿਰਪਾ ਦੀ ਖ਼ੁਸ਼ੀ ਲੈਣ ਦੀ ਚਾਹਤ ਹੈ।

6. **ਅੰਦਰ ਦੀ ਖੋਜ :** ਸ਼ਬਦ ਵਿਚਾਰ ਰਾਹੀਂ ਨਾਮ ਦਾ ਇਹ ਪੱਖ ਵਾਰ-ਵਾਰ ਦ੍ਰਿੜ ਕਰਾਇਆ ਜਾਂਦਾ "*... ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾ ਕਰਿ ਦੇਖੁ*" (ਪੰਨਾ 1378), "*ਆਪ ਪਛਾਨੈ ਤ ਏਕੈ ਜਾਨੈ*" (ਪੰਨਾ 855), "*ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ*" (ਪੰਨਾ 684), "*ਆਤਮ ਚੀਨਿ ਪਰਮ ਰੰਗ ਮਾਨੀ॥*" (ਪੰਨਾ 187)- ਅਸੀਂ ਸਾਰੇ ਕਮਜ਼ੋਰ ਹਾਂ, ਅਉਗਣਾਂ ਦੇ ਭਰੇ ਹੋਏ ਹਾਂ, ਗੁਰੂ ਕਿਰਪਾ ਸਦਕਾ ਜਦੋਂ ਅੰਦਰ ਦੀ ਖੋਜ ਕਰਦੇ ਹਾਂ ਤਾਂ ਅਪਣੇ ਗੁਨਾਹ ਉਭਰ ਕੇ ਸਾਮ੍ਹਣੇ ਆਂਦੇ ਹਨ ਤੇ ਫਿਰ ਅਰਦਾਸ ਨਿਕਲਦੀ ਹੈ:

*ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ॥*
*ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ ਲਪਟਾਈ॥*
*ਕਹੁ ਕਬੀਰ ਮੇਰੇ ਮਾਧਵਾ, ਤੂ ਸਰਬ ਬਿਆਪੀ॥*
*ਤੁਮ ਸਮਸਰਿ ਨਾਹੀ ਦਇਆਲੁ, ਮੋਹਿ ਸਮਸਰਿ ਪਾਪੀ॥*
*(ਪੰਨਾ 856)*

*ਕਾਢਿ ਲੀਏ ਪ੍ਰਭ ਆਨ ਬਿਖੈ ਤੇ,*
*ਸਾਧ ਸੰਗਿ ਮਨੁ ਲਾਹਵੁ॥*
(ਪੰਨਾ 1120)

ਆਪਣਾ ਅੰਦਰ ਵੇਖ ਕੇ ਜਦੋਂ ਸ਼ਰਮ ਆਣੀ ਸ਼ੁਰੂ ਹੁੰਦੀ ਹੈ, ਮਨ ਗੁਰੂ ਚਰਨਾਂ ਅੱਗੇ ਢਹਿ ਪੈਂਦਾ ਹੈ ਤੇ ਗੁਰੂ ਦੀ ਰਹਿਮਤ ਅੰਦਰ penetrate ਕਰਨੀ ਸ਼ੁਰੂ ਕਰਦੀ ਹੈ। ਆਪਣਾ ਪਤਿਤਪੁਣਾ acknowledge ਕਰਦਿਆਂ ਹੀ, ਪ੍ਰਭੂ ਪਤਿਤਪਾਵਨ ਹੋਣ ਦਾ ਬਿਰਦ ਪਾਲਣਾ ਸ਼ੁਰੂ ਕਰ ਦੇਂਦੇ ਹਨ। ਇੱਕ ਮਰਾਠੀ ਭੈਣ ਕਦੇ-ਕਦੇ ਅੰਮ੍ਰਿਤ ਵੇਲੇ, ਪੰਥਕ ਅਰਦਾਸ ਤੋਂ ਪਹਿਲਾਂ, ਇਸ ਤਰ੍ਹਾਂ ਅਰਦਾਸ ਕਰਦੀ- ਉਸਦੀ ਜਬਾਨੀ ਸੁਣੋ :

*ਸ਼ਰਣ ਮੇਂ ਆਯੇ ਹੈਂ ਹਮ ਤੁਮਾਰੀ*
*ਦਇਆ ਕਰੋ ਹੇ ਦਇਆਲੂ ਭਗਵਾਨ।*
*ਸੰਭਾਲੋ ਬਿਗੜੀ ਦਸ਼ਾ ਹਮਾਰੀ,*
*ਦਇਆ ਕਰੋ ਹੇ ਕ੍ਰਿਪਾਲੂ ਭਗਵਾਨ।*
*ਮਾਨੁ ਕਰਉ ਤੁਧੁ ਉਪਰੇ, ਮੇਰੇ ਪ੍ਰੀਤਮ ਪਿਆਰੇ॥*
*ਹਮ ਅਪਰਾਧੀ ਸਦ ਭੂਲਤੇ ਤੁਮ੍ ਬਖ ਸਨ ਹਾਰੇ॥*
(ਪੰਨਾ 809)

ਹੇ ਅੰਤਰਯਾਮੀ ਪ੍ਰਭੂ! ਮੇਰੇ ਮਾਤਾ-ਪਿਤਾ, ਮੇਰੇ ਭਾਈ-ਬਹਿਨ, ਮੇਰੇ ਰਖਵਾਲੇ, ਸਾਰੀ ਦੁਨੀਆਂ ਕੇ ਮਾਲਕ, ਪ੍ਰਭੂ ਹਮ ਸਭ ਆਪਕੇ ਬੱਚੇ ਗੁਰੂ ਗ੍ਰੰਥ ਸਾਹਿਬ ਕੇ ਚਰਣੋਂ ਮੇਂ ਬੈਠ ਕਰ ਆਪ ਕੋ ਯਾਦ ਕਰਤੇ ਹੈਂ, ਯਹ ਆਪਕੀ ਮਹਾਨ ਕਿਰਪਾ ਹੈ। ਪ੍ਰਭੂ ਮੁਝੇ ਤੋ ਤੇਰਾ ਕੁਝ ਭੀ ਪਤਾ ਨਹੀਂ ਥਾ ਕਿ ਤੂੰ ਕਿਆ ਹੈ, ਕੈਸਾ ਹੈ, ਕੌਨ ਹੈ? ਆਪਨੇ ਕਿਰਪਾ ਕੀ, ਪੂਰੇ ਗੁਰੂ, ਗੁਰੂ ਗ੍ਰੰਥ ਸਾਹਿਬ ਕੀ ਸ਼ਰਣ ਮੇਂ ਭੇਜਾ ਔਰ ਪੂਰੇ ਗੁਰੂ ਕਾ ਕਮਾਲ ਦੇਖੋ, ਉਸਨੇ ਕੋਈ ਭੇਦਭਾਵ ਨਹੀਂ ਕੀਆ ਕਿ ਮੈਂ ਮਰਾਠੀ ਹੂੰ, ਮੁਝੇ ਪੰਜਾਬੀ ਨਹੀਂ ਆਤੀ, ਮੈਂ ਸਿੱਖ ਘਰ ਮੇਂ ਪੈਦਾ ਨਹੀਂ ਹੂਈ, ਬਸ ਸ਼ਰਣ ਮੇਂ ਆਤੇ ਹੀ ਉਸਨੇ ਗਲੇ ਲਗਾ ਲੀਆ, ਭਰਪੂਰ ਪਿਆਰ ਦੀਆ। ਮੇਰੇ ਅਉਗੁਣੋਂ ਕੋ ਨਜ਼ਰਅੰਦਾਜ ਕਰਕੇ, ਮੇਰੇ ਮਨ ਕੋ ਤੁਮਾਰਾ ਪਿਆਰ ਪ੍ਰਾਪਤ ਹੂਆ, ਨਾਮ ਕੀ ਬਾਤ ਸਮਝ ਮੇਂ ਆਈ। ਪ੍ਰਭੂ, ਬਾਰ-ਬਾਰ ਮੇਰੇ ਮਨ ਮੇਂ ਗੁਰੂ ਗ੍ਰੰਥ ਸਾਹਿਬ ਕੀ ਯਿਹ ਲਾਈਨੇਂ ਆ ਰਹੀ ਹੈਂ, ਤੁਮਾਰੇ ਸ਼ੁਕਰਾਨੇ ਕੇ ਰੂਪ ਮੇਂ :

*ਮਿਹਰਵਾਨੁ ਸਾਹਿਬ ਮਿਹਰਵਾਨੁ॥*
*ਸਾਹਿਬ ਮੇਰਾ ਮਿਹਰਬਾਨ॥....*
(ਪੰਨਾ 724)

*ਤੂੰ ਮੇਰੇ ਪਿਆਰੋ ਤਾ ਕੈਸੀ ਭੂਖਾ॥*
*ਤੂੰ ਮਨਿ ਵਸਿਆ, ਲਗੈ ਨ ਦੂਖਾ॥...*
(ਪੰਨਾ 376)

*ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥*
(ਪੰਨਾ 819)

ਪ੍ਰਭੂ ਤੁਮਾਰੀ ਕਿਰਪਾ ਕਾ ਕੋਈ ਅੰਤ ਨਹੀਂ, ਪਰ ਹਮ ਸਬ ਕੁਛ ਤੁਮ ਸੇ ਪਾ ਕਰ ਭੀ ਤੁਮ੍ਹੇ ਭੁਲਾ ਦੇਤੇ ਹੈਂ, ਦੁਨੀਆਂ ਮੇਂ ਫਸ ਜਾਤੇ ਹੈਂ, ਬਾਰ-ਬਾਰ ਗਲਤੀਆਂ ਕਰਤੇ ਹੈਂ, ਗਿਰ ਪੜਤੇ ਹੈਂ, ਤੁਮ ਬਾਰ-ਬਾਰ ਮਾਫ ਕਰ ਦੇਤੇ ਹੋ। ਤੁਮਾਰੀ ਦਇਆ ਕਾ ਅੰਤ ਨਹੀਂ, ਮੇਰੇ ਗੁਨਾਹੋਂ ਕਾ ਭੀ ਅੰਤ ਨਹੀਂ। ਪ੍ਰਭੂ ਮੇਰੇ ਗੁਨਾਹੋਂ ਕੋ ਨਾ ਦੇਖਨਾ, ਅਪਨੇ ਪਤਿਤ ਪਾਵਨ ਹੋਨੇ ਕਾ ਬਿਰਦ ਪਾਲਨਾ। ਪ੍ਰਭੂ ਸਤਿਸੰਗ

ਮੈਂ ਯਹ ਬਾਰ-ਬਾਰ ਸੁਨਤੀ ਹੂੰ- *"ਪ੍ਰੀਤਮ ਕੇ ਦੇਸ ਕੈਸੇ ਬਾਤਨ ਸੇ ਜਾਈਐ"*, ਬਾਤੋਂ ਸੇ ਤੋ ਕਾਮ ਬਨੇਗਾ ਨਹੀਂ, ਨਾਮ ਕੀ ਦਵਾਈ ਖਾਏ ਬਗੈਰ ਜੀਵਨ ਸੁਖੀ ਨਹੀਂ ਹੋ ਸਕਤਾ। ਦੁਨੀਆਂ ਕੇ ਧੰਧੋਂ ਸੇ ਮੁਖ ਮੋੜ ਕਰ ਪ੍ਰਭੂ ਕੋ prioroty no. 1 ਬਨਾਏ ਬਿਨ ਪ੍ਰਭੂ ਕਾ ਪਿਆਰ ਮਿਲ ਨਹੀਂ ਸਕਤਾ, ਸੁ ਪ੍ਰਭੂ ਕਿਰਪਾ ਕਰੋ- ਹਮੇਂ ਨਾਮ ਕਾ ਅਮਲੀ ਜੀਵਨ ਦੋ, ਨਾਮ ਕਾ ਰੰਗ ਭਰ ਦੋ, ਸਤਿਸੰਗ ਕਾ ਸੰਗ ਦੋ, ਹਮੇਸ਼ਾ ਆਪਕੇ ਚਰਣੋਂ ਮੇਂ ਧਿਆਨ ਲਗਾ ਕਰ ਆਪਨੇ ਦੁਨੀਆਵੀ ਕਾਮ ਕਰੇਂ, ਐਸੀ ਕਿਰਪਾ, ਐਸੀ ਦਇਆ, ਐਸੀ ਮਿਹਰ, ਐਸੀ ਰਹਿਮਤ ਕਰਨਾ।

*ਨਾਨਕ ਨਾਮ ਚੜ੍ਹਦੀ ਕਲਾ॥*
*ਤੇਰੇ ਭਾਣੇ ਸਰਬੱਤ ਦਾ ਭਲਾ॥*

ਸੁਭਾਵਿਕ ਹੈ, ਐਸੇ ਪ੍ਰਭੂ ਪਿਆਰਿਆਂ ਨੂੰ ਵੇਖ-ਵੇਖ ਕੇ ਸਾਰੇ ਪ੍ਰੇਰਿਤ ਹੁੰਦੇ ਅੰਦਰ ਦੀ ਖੋਜ ਕਰਨ ਲਈ ਇਸ ਸਾਗਰ ਭਰਨ ਵਾਂਗ ਅਸੰਭਵ ਹੈ। ਇੱਕ ਨੌਜਵਾਨ ਰਾਇਪੁਰ ਤੋਂ ਆਇਆ ਸੀ ਦੋ ਦਿਨ ਲਈ, 5-6 ਦਿਨ ਰਹਿ ਗਿਆ ਤੇ ਕਹਿਣ ਲੱਗਾ- "ਇਥੇ ਸੰਗਤ ਵਿੱਚ simplicity ਵੇਖੀ, ਨਾਲੇ ਸਾਰੇ serious ਹਨ, focussed ਹਨ, ਅੰਦਰੋਂ-ਬਾਹਰੋਂ ਇੱਕ ਲਗਦੇ ਹਨ, ਪਿਆਰ ਹੀ ਪਿਆਰ ਹੈ।" ਇੱਕ ਹੋਰ ਨੌਜਵਾਨ ਬੇਟੀ (M.A./Economics), ਜੋ ਜਮਸ਼ੇਦਪੁਰ ਤੋਂ ਆਈ ਸੀ, ਕਹਿਣ ਲੱਗੀ- "ਪਹਿਲੀ ਵਾਰ ਮੇਰੀ ਜ਼ਿੰਦਗੀ ਵਿੱਚ ਐਸਾ ਹੋਇਆ ਹੈ ਕਿ ਮੈਂ 15 ਦਿਨ ਘਰੋਂ ਬਾਹਰ ਰਹੀ, ਪਰ ਕਦੇ ਵੀ ਘਰ ਦੀ ਯਾਦ ਨਹੀਂ ਆਈ, ਘਰ ਨਾਲੋਂ ਵੱਧ ਪਿਆਰ ਮਿਲਿਆ ਸੰਗਤ ਵਿੱਚ।" ਪੂਰੇ ਗੁਰੂ ਦੀ ਵਡਿਆਈ ਇਸ ਤਰ੍ਹਾਂ ਉੱਥੇ ਠਾਠਾਂ ਮਾਰ ਰਹੀ ਸੀ- *"ਕਹਿਤੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ"* (ਪੰਨਾ 1370) ਅਨੁਸਾਰ ਇਹ ਬਿਆਨੀ ਨਹੀਂ ਜਾ ਸਕਦੀ, ਦੇਖ ਕੇ ਹੀ ਇਸ ਦਾ ਰੰਗ ਮਾਣਿਆ ਜਾ ਸਕਦਾ ਹੈ।

ਇਹ ਸੀ, ਇੱਕ ਛੋਟੀ ਜਿਹੀ ਝਲਕ ਇਸ ਮਹਾਨ ਸਤਿਸੰਗ ਸਮਾਗਮ ਦੀ। ਸੰਖੇਪ ਵਿੱਚ, ਉੱਥੇ ਇਹ ਗੱਲ ਦ੍ਰਿੜ ਹੋਈ ਕਿ ਪ੍ਰਭੂ ਨਾਲ ਪਿਆਰ ਪਾਉਣਾ ਹੈ ਤਾਂ ਗੁਰੂ ਅੱਗੇ ਸਿਰ ਵੇਚਣਾ ਹੀ ਪਵੇਗਾ ਤੇ ਜੇ ਕਿਰਪਾ ਕਰ ਕੇ ਗੁਰੂ ਸਿਰ ਮੰਜ਼ੂਰ ਕਰ ਲਵੇ ਤਾਂ ਸਿੱਖ ਦੀ ਝੋਲੀ ਬੰਦਗੀ ਨਾਲ ਮਾਲਾਮਾਲ ਹੋ ਜਾਂਦੀ ਹੈ।

## ਡਿਪਲੋਮਾ ਇਨ ਗੁਰਮਤਿ ਸੰਗੀਤ

ਸਮੂਹ ਗੁਰਮਤਿ ਸੰਗੀਤ ਸਿਖਲਾਈ ਕੇਂਦਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਅਰੰਭ ਕੀਤੇ ਡਿਪਲੋਮਾ ਇਨ ਗੁਰਮਤਿ ਸੰਗੀਤ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਲਈ ਕਿਸੇ ਵੀ ਗੁਰਮਤਿ ਸੰਗੀਤ ਸਿਖਲਾਈ ਕੇਂਦਰ ਵਿੱਚ ਦੋ ਸਾਲ ਦੀ ਸਿੱਖਿਆ ਪ੍ਰਾਪਤ ਕਰਨ ਦੀ ਸ਼ਰਤ ਰੱਖੀ ਹੋਈ ਹੈ। ਇਸ ਸਮੇਂ ਵਿਦਿਆਰਥੀ ਨੇ ਹੇਠ ਲਿਖੇ ਅਨੁਸਾਰ ਸਿੱਖਿਆ ਪ੍ਰਾਪਤ ਕੀਤੀ ਹੋਣੀ ਚਾਹੀਦੀ ਹੈ। ਜੋ ਸਾਰੇ ਵਿਦਿਆਰਥੀ ਅਤੇ ਅਧਿਆਪਕ ਇਸ ਸਮੇਂ ਹੇਠ ਲਿਖੇ ਅਨੁਸਾਰ ਸਿੱਖਿਆ ਪ੍ਰਾਪਤ ਕਰਨ ਦੀ ਖੇਚਲ ਕਰਨ।

**ਪਰਵੇਸ਼ਿਕਾ : ਡਿਪਲੋਮਾ ਇਨ ਗੁਰਮਤਿ ਸੰਗੀਤ (ਪਹਿਲਾ ਸਾਲ)**

1. *ਸੰਖੇਪ ਜਾਣਕਾਰੀ ਪਰਿਭਾਸਾਵਾਂ ਸਹਿਤ:* ਸੰਗੀਤ, ਸੁਰ, ਆਰੋਹ, ਅਵਰੋਹ, ਮੁਖ ਅੰਗ (ਪਕੜ) ਜਾਤੀ, ਵਾਦੀ, ਸੰਵਾਦੀ, ਸਮਾਂ, ਰਾਗ, ਤਾਲ, ਲੈਅ, ਸਮ, ਮਾਤਰਾ, ਤਾਲੀ, ਖਾਲੀ ਚਿੰਨ੍ਹ, ਸਪਤਕ, ਵਰਜਿਤਸੁਰ, ਅਲੰਕਾਰ।

2. *ਥਾਟ ਬਿਲਾਵਲ, ਕਲਿਆਣ ਅਤੇ ਭੈਰਵ ਵਿੱਚ ਦਸ ਅਲੰਕਾਰ* 3. *ਲਿਖੇ ਰਾਗਾਂ ਦਾ ਪਰਿਚਯ ਤੇ ਸ਼ਬਦ ਕੀਰਤਨ:* ਬਿਲਾਵਲ, ਕਲਿਆਣ, ਭੈਰਉ, ਧਨਾਸਰੀ। 4. *ਤਾਲਾਂ ਦਾ ਪਰਿਚਯ ਤੇ ਤਾਲੀ ਰਾਹੀਂ ਅਭਿਆਸ:* ਦਾਦਰਾ, ਕਹਿਰਵਾ, ਤਿੰਨਤਾਲ।

**ਪਰਵੇਸ਼ਿਕਾ : ਡਿਪਲੋਮਾ ਇਨ ਗੁਰਮਤਿ ਸੰਗੀਤ (ਦੂਸਰਾ ਸਾਲ)**

1. *ਜਾਣਕਾਰੀ ਪਰਿਭਾਸ਼ਾਵਾਂ ਸਹਿਤ:* (ੳ) ਲੈਅ ਅਤੇ ਉਸਦੇ ਪਰਕਾਰ (ਅ) ਜਾਤੀ ਅਤੇ ਜਾਤੀ ਭੇਦ (ੲ) ਦਸ ਥਾਟ (ਭਾਤਖੰਡੇ) (ਸ) ਸਪਤਕ ਦੇ ਪਰਕਾਰ (ਹ) ਸੁਰ ਲਿਪੀ ਚਿੰਨ੍ਹ (ਭਾਤਖੰਡੇ ਪੱਧਤੀ) (ਕ) ਰਾਗ ਦੇ ਤੱਤ।
2. *ਥਾਟ ਬਿਲਾਵਲ, ਕਲਿਆਣ, ਭੈਰਵੀ ਅਤੇ ਟੋਡੀ ਵਿੱਚ ਦਸ ਅਲੰਕਾਰ (ਤਾਲਬੱਧ ਤੇ ਖੁੱਲ੍ਹੇ)*
3. *ਨਿਰਧਾਰਤ ਰਾਗਾਂ ਵਿੱਚ ਸ਼ਬਦ ਗਾਇਨ ਰਾਗ ਪਰਿਚਯ ਸਮੇਤ:* ਆਸਾ, ਗਉੜੀ (ਭੈਰਉ ਅੰਗ), ਸੂਹੀ, ਟੋਡੀ, ਪਰਭਾਤੀ, ਸਾਰੰਗ, ਤਿਲੰਗ
4. *ਪਉੜੀ ਗਾਇਨ, ਸਲੋਕ ਗਾਇਨ*
5. *ਤਾਲ ਪਰਿਚਯ:* ਦਾਦਰਾ, ਕਹਿਰਵਾ, ਤਿੰਨਤਾਲ, ਪਉੜੀ, ਇਕਤਾਲ, ਦੀਪਚੰਦੀ, ਰੂਪਕ
6. *ਤਕਨੀਕੀ ਸ਼ਬਦਾਵਲੀ:* ਗੁਰਮਤਿ ਸੰਗੀਤ, ਰਹਾਓ, ਅੰਕ, ਇਕੱਤੀ ਰਾਗ, ਸ਼ਬਦ ਕੀਰਤਨ

**ਵਧੇਰੇ ਜਾਣਕਾਰੀ ਲਈ :**

**ਮੁਖੀ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਪਰਕ ਕੀਤਾ ਜਾਵੇ।**

# ਸਿੱਖ ਧਰਮ ਵਿੱਚ ਕੀਰਤਨ ਮਰਯਾਦਾ

ਡਾ. ਜਾਗੀਰ ਸਿੰਘ ★

ਸਿੱਖ ਧਰਮ ਵਿੱਚ ਕੀਰਤਨ ਨੂੰ ਅਤਿ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿੱਚ ਕੀਰਤਨ ਨੂੰ ਨਿਰਮੋਲਕ ਹੀਰਾ[1], ਜਿੱਥੇ ਕੀਰਤਨ ਹੁੰਦਾ ਹੈ ਉਸ ਸਥਾਨ ਨੂੰ ਬੈਕੁੰਠ[2] ਅਤੇ ਕੀਰਤਨ ਕਰਨ ਵਾਲੇ ਨੂੰ ਭਲਾ[3] ਕਿਹਾ ਹੈ। ਕੀਰਤਨ ਕਰਨਾ ਜਾਂ ਸੁਣਨਾ ਉਹਨਾਂ ਨੇ ਵਿਅਕਤੀਗਤ ਇੱਛਾ ਤੇ ਹੀ ਨਿਰਭਰ ਨਹੀਂ ਰਹਿਣ ਦਿੱਤਾ ਸਗੋਂ ਇਸ ਨੂੰ ਸਿੱਖ ਰਹਿਤ-ਮਰਯਾਦਾ[4] ਦਾ ਇੱਕ ਜ਼ਰੂਰੀ ਅੰਗ ਬਣਾ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਾਪੀ ਗਈ 'ਸਿੱਖ ਰਹਿਤ ਮਰਯਾਦਾ' ਵਿੱਚ ਜਿੱਥੇ ਗੁਰਦੁਆਰੇ ਵਿੱਚ ਕੀਰਤਨ ਕਰਨ ਦੀ ਮਰਯਾਦਾ ਦੱਸੀ ਹੈ ਉੱਥੇ ਵੱਖ-ਵੱਖ ਧਰਮ ਸੰਸਕਾਰਾਂ ਸਮੇਂ ਕੀਰਤਨ ਕਰਨ ਲਈ ਵੀ ਨਿਰਦੇਸ਼ ਦਿੱਤਾ ਗਿਆ ਹੈ। ਭਾਵੇਂ ਇਹ ਪ੍ਰਚੱਲਤ ਮਰਯਾਦਾ ਆਧੁਨਿਕ ਸਮੇਂ ਵਿੱਚ ਉਲੀਕੀ ਗਈ ਹੈ ਪਰ ਇਸ ਦਾ ਆਧਾਰ ਗੁਰਬਾਣੀ ਅਤੇ ਗੁਰ ਇਤਿਹਾਸ ਵਿੱਚ ਮਿਲਦੀਆਂ ਗੁਰ ਗਾਥਾਵਾਂ ਹੀ ਹਨ।

ਕੀਰਤਨ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਰੋਜ਼ਾਨਾ ਦੇ ਜੀਵਨ ਦਾ ਅੰਗ ਬਣ ਗਿਆ ਸੀ। ਜਨਮ ਸਾਖੀਆਂ ਵਿੱਚ ਦਰਜ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਵਿੱਚ ਰਹਿੰਦੇ ਸਨ ਤਾਂ ਰੋਜ਼ ਰਾਤ ਨੂੰ ਕੀਰਤਨ ਕਰਦੇ ਸਨ। 'ਜੋ ਕਿਛ ਅਲੂਫਾ ਗੁਰੂ ਜੋਗ ਮਿਲੇ ਸੋ ਖਾਵੇ ਹੋਰ ਪਰਮੇਸਰ ਦੇ ਅਰਥ ਦੇਵੇ ਅਤੇ ਨਿਤਾ ਪ੍ਰਤੀ ਰਾਤ ਕਉ ਕੀਰਤਨ ਹੋਵੈ'।[5] ਕੀਰਤਨ ਦੀ ਇਹ ਮਰਯਾਦਾ ਕਰਤਾਰ ਪੁਰ ਵਿੱਚ ਵੀ ਚਲਦੀ ਰਹੀ। ਕਰਤਾਰ ਪੁਰ ਵਿੱਚ ਤਾਂ ਕੀਰਤਨ ਨੂੰ ਵਧੇਰੇ ਮਹੱਤਤਾ ਪ੍ਰਾਪਤ ਹੋ ਗਈ ਸੀ। ਕਰਤਾਰ ਪੁਰ ਦੀ ਮਰਯਾਦਾ ਦਾ ਵਰਣਨ ਕਰਦਿਆਂ ਭਾਈ ਗੁਰਦਾਸ ਜੀ ਲਿਖਦੇ ਹਨ :

*ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਪੁ ਉਚਾਰਾ।*[6]

ਭਾਈ ਮਨੀ ਸਿੰਘ ਜੀ ਨੇ ਇਸ ਪਉੜੀ ਦਾ ਟੀਕਾ ਕਰਦਿਆਂ ਗਿਆਨ ਰਤਨਾਵਲੀ ਵਿੱਚ ਲਿਖਿਆ ਹੈ- "ਕਰਤਾਰ ਪੁਰ ਵਿੱਚ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜ੍ਹਦਿਆਂ ਤੀਕਰ ਬਾਣੀ ਦੀ ਚਰਚਾ ਹੋਵੇ ਫੇਰ ਆਰਤੀ ਪੜ੍ਹੀਏ। ਤੀਸਰੇ ਪਹਿਰ ਕੀਰਤਨ ਕਰਾਏ। ਸੰਧਿਆ ਰਹਰਾਸਿ ਪੜ੍ਹੀਏ ਫੇਰ ਕੀਰਤਨ ਗਾਵੀਏ, ਪਹਿਰ ਰਾਤ ਗਈ ਸੋਹਿਲਾ ਪੜ੍ਹੀਏ ਅਰ ਪਿਛਲੀ ਰਾਤ ਜਪੁ ਪੜ੍ਹੀਏ ਅਰ ਆਸਾ ਦੀ ਵਾਰ ਪੜ੍ਹੀਏ।"[7] ਇਹੀ ਨਹੀਂ ਕਿ ਕੀਰਤਨ ਕਰਨ ਦੀ ਮਰਯਾਦਾ ਕੇਵਲ ਕਰਤਾਰ ਪੁਰ ਵਿਖੇ ਹੀ ਸਥਾਪਤ ਸੀ ਸਗੋਂ ਇਸ ਦੇ, ਸਿੱਖਾਂ ਦੇ ਘਰਾਂ ਵਿੱਚ ਕਾਇਮ ਹੋਣ ਦੇ ਹਵਾਲੇ ਵੀ ਮਿਲਦੇ ਹਨ। ਗਿਆਨੀ ਗਿਆਨ ਸਿੰਘ ਜੀ ਨੇ ਤਵਾਰੀਖ ਗੁਰੂ ਖਾਲਸਾ ਵਿੱਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਇੱਕ ਸਿੱਖ ਬਾਰੇ ਲਿਖਿਆ ਹੈ-

"ਇੱਕ ਜੋਧਾ ਨਾਮੀ ਜੱਟ ਬਾਬੇ ਨਾਨਕ ਦਾ ਉਪਦੇਸ਼ੀ ਖਡੂਰ ਸਾਹਿਬ ਵਿੱਚ ਵਸਦਾ ਸੀ। ਅੰਮ੍ਰਿਤ ਵੇਲੇ ਅਸ਼ਨਾਨ ਕਰ ਆਸਾ ਦੀ ਵਾਰ ਦਾ ਉਚਾਰ ਡਾਢੀ ਮਿੱਠੀ ਸੁਰ ਵਿੱਚ ਕਰਦਾ ਸੀ।"[8] ਕੀਰਤਨ ਮਰਯਾਦਾ ਕਾਇਮ ਰੱਖਣ ਲਈ ਗੁਰੂ ਅੰਗਦ ਦੇਵ ਜੀ ਨੂੰ ਨਾਨਕ ਦੇਵ ਜੀ ਨੇ ਹੀ ਆਦੇਸ਼ ਦੇ ਦਿੱਤਾ ਅਤੇ ਬਲਵੰਡ ਰਬਾਬੀ ਗੁਰੂ ਜੀ ਨਾਲ ਭੇਜ ਕੇ ਕੀਰਤਨ ਕਰਨ ਦਾ ਪ੍ਰਬੰਧ ਵੀ ਕਰ ਦਿੱਤਾ। ਮਹਿਮਾ ਪ੍ਰਕਾਸ਼ ਵਿੱਚ ਦਰਜ ਹੈ:

*ਬਲਵੰਡ ਰਬਾਬੀ ਤੁਮ ਸੰਗ ਜਾਵੈ।*
*ਸਮੇਂ ਸਮੇਂ ਹਰਿ ਕੀਰਤਨ ਗਾਵੈ।*[9]

ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਆ ਕੇ ਉਹ ਮਰਯਾਦਾ ਹੀ ਕਾਇਮ ਕੀਤੀ ਜਿਹੜੀ ਗੁਰੂ ਨਾਨਕ ਦੇਵ ਜੀ ਵੇਲੇ ਕਰਤਾਰਪੁਰ ਵਿਖੇ ਸੀ। ਸੂਰਜ ਪ੍ਰਕਾਸ਼ ਅਨੁਸਾਰ ਇੱਥੇ ਸਵੇਰੇ ਸ਼ਾਮ ਬਲਵੰਡ ਰਬਾਬੀ ਅਤੇ ਸੱਤਾ ਕੀਰਤਨ ਕਰਨ ਲੱਗੇ :

*ਹੁਤੋ ਡੂਮ ਬਲਵੰਡ ਮਹਾਨਾ।*
*ਸਤਾ ਤਿਸ ਕੋ ਅਨੁਜ ਸੁਜਾਨਾ।*[10]

ਭਾਈ ਵੀਰ ਸਿੰਘ ਜੀ ਅਨੁਸਾਰ- "ਐਉਂ ਸੱਤੇ-ਬਲਵੰਡ ਦੀ ਚੌਕੀ ਖਡੂਰ ਸਾਹਿਬ ਵਿਖੇ ਗੁਰੂ ਜੀ (ਅੰਗਦ ਦੇਵ ਜੀ) ਦੇ ਹਜ਼ੂਰ ਆਰੰਭ ਹੋਈ। ਜਿਨ੍ਹਾਂ ਦੀ ਅਉਲਾਦ ਹੁਣ ਤਾਈਂ ਖਡੂਰੀਏ ਰਬਾਬੀ ਕਹਿਲਾਉਂਦੀ ਹੈ।"[11]

ਗੁਰੂ ਅਮਰਦਾਸ ਜੀ ਦੇ ਸਮੇਂ ਵੀ ਕੀਰਤਨ ਦੀ ਮਰਯਾਦਾ ਕਾਇਮ ਰਹੀ। ਗਿਆਨੀ ਗਿਆਨ ਸਿੰਘ ਜੀ ਇਸ ਬਾਰੇ ਲਿਖਦੇ ਹਨ-

"ਗੁਰੂ ਅਮਰਦਾਸ ਜੀ ਨਿੱਤ ਅੰਮ੍ਰਿਤ ਵੇਲੇ ਡੇਢ ਪਹਿਰ ਦੇ ਤੜਕੇ ਜਾਗਦੇ। ਸਾਧ ਸੰਗਤ ਨੂੰ ਭੀ ਉਸੇ ਵੇਲੇ ਜਾਗ ਕਰਕੇ ਇਸ਼ਨਾਨ ਕਰਨ ਤੇ ਨਾਮ ਜਪਣ ਦਾ ਹੁਕਮ ਦੇ ਰੱਖਿਆ ਸੀ... ਪਹੁ-ਫੁਟੀ ਤੋਂ ਸਫੈਦ ਪੁਸ਼ਾਕਾ

★ # 422, ਸੈਕਟਰ 15-ਏ, ਚੰਡੀਗੜ੍ਹ

ਪਹਿਨ ਕੇ ਸਿੰਘਾਸਨ ਉੱਤੇ ਆ ਬੈਠਦਾ, ਭਾਈ ਸਾਦੂ, ਬਾਦੂ ਕੀਰਤਨ ਕਰਦੇ ਤੇ ਗੁਰੂ ਜੀ ਸਿੱਖਾਂ ਨੂੰ ਦਰਸ਼ਨ ਉਪਦੇਸ਼ ਦੇ ਕੇ ਨਿਹਾਲ ਕਰਦੇ।"[12]

ਗੁਰੂ ਰਾਮਦਾਸ ਜੀ, ਜਿਹਨਾਂ ਦੇ ਵੇਲੇ ਸਿੱਖੀ ਦਾ ਕੇਂਦਰ ਸ੍ਰੀ ਅੰਮ੍ਰਿਤਸਰ ਸੀ, ਦੇ ਨਿਤਨੇਮ ਦੀ ਮਰਯਾਦਾ ਬਾਰੇ ਗਿਆਨੀ ਗਿਆਨ ਸਿੰਘ ਜੀ ਦਾ ਕਥਨ ਹੈ-

"ਇਹ ਗੁਰੂ ਸਾਹਿਬ ਵੀ ਪਿਛਲੇ ਗੁਰੂਆਂ ਵਾਂਗ ਨਿੱਤ ਸਵਾ ਪਹਿਰ ਦੇ ਤੜਕੇ ਸੌਚ-ਇਸ਼ਨਾਨ ਕਰ ਆਤਮਾ-ਪਰਮਾਤਮਾ ਦੇ ਸਰੂਪ ਵਿੱਚ ਮਨ ਨੂੰ ਜੋੜ ਕੇ ਤਾੜੀ ਲਾ ਬੈਠਦੇ। ਪਹੁ ਫੁੱਟੀ ਤੋਂ ਸਭਾ ਵਿੱਚ ਆ ਕਰ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਜੋ ਸੱਤਾ-ਬਲਵੰਡ ਕਰਿਆ ਕਰਦੇ।"[13]

ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਵਿੱਚ ਸਿੱਖ ਦੇ ਨਿਤਨੇਮ ਦੀ ਮਰਯਾਦਾ ਕਾਇਮ ਕਰਦਿਆਂ ਗੁਰਬਾਣੀ ਗਾਉਣਾ ਭਾਵ ਕੀਰਤਨ ਕਰਨਾ ਲਾਜ਼ਮੀ ਦੱਸਿਆ ਹੈ-

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,*
*... ... ... ... ... ... ... ... ||*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ॥*[14]

ਗੁਰੂ ਅਰਜਨ ਸਾਹਿਬ ਸਮੇਂ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਦੀ ਸਥਾਪਨਾ ਹੋਈ। ਇੱਥੇ ਅੱਗੇ ਨਾਲੋਂ ਵਧੇਰਾ ਸਮਾਂ ਕੀਰਤਨ ਹੋਣ ਲਗ ਪਿਆ। ਇਤਿਹਾਸ ਦੱਸਦਾ ਹੈ ਕਿ ਇਸ ਸਮੇਂ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚਾਰ ਚੌਕੀਆਂ ਦੀ ਕੀਰਤਨ ਮਰਯਾਦਾ ਕਾਇਮ ਕੀਤੀ। ਮਹਾਨ ਕੋਸ਼[15] ਵਿੱਚ ਚਾਰ ਚੌਕੀਆਂ ਬਾਰੇ ਲਿਖਿਆ ਹੈ- ਗੁਰੂ ਅਰਜਨ ਦੇਵ ਜੀ ਦੀ ਥਾਪੀ ਹੋਈ ਚਾਰ ਸਮੇਂ ਕੀਰਤਨ ਦੀ ਰੀਤੀ-

1. ਅੰਮ੍ਰਿਤ ਵੇਲੇ ਆਸਾ ਦੀ ਵਾਰ ਦੀ ਚੌਕੀ।
2. ਸਵਾ ਪਹਿਰ ਚਰਨ ਕਮਲ ਦੀ ਚੌਕੀ-

   *"ਚਰਨ ਕਮਲ ਪ੍ਰਭ ਕੇ ਨਿਤ ਧਿਆਏ"*

   ਸ਼ਬਦ ਗਾਏ ਜਾਣ ਤੋਂ ਇਹ ਸੰਗਿਆ ਹੈ। (ਇਸ ਦਾ ਨਾਉਂ ਬਿਲਾਵਲ ਦੀ ਚੌਕੀ ਭੀ ਹੈ।)

3. ਸੰਝ ਵੇਲੇ ਰਹਿਰਾਸ ਤੋਂ ਪਹਿਲਾਂ ਸੋਦਰ ਦੀ ਚੌਕੀ 'ਸੋ ਦਰੁ ਕੇਹਾ ਸੋ ਘਰੁ ਕੇਹਾ' ਸ਼ਬਦ ਕਰਕੇ ਇਹ ਸੰਗਿਆ ਹੈ।
4. ਚਾਰ ਘੜੀ ਰਾਤ ਬੀਤਣ ਪਰ ਕਲਿਆਣ ਦੀ ਚੌਕੀ, ਜਿਸ ਵਿੱਚ ਕਲਿਆਣ ਰਾਗ ਦੇ ਸ਼ਬਦ ਗਾਏ ਜਾਂਦੇ ਹਨ।

ਇਸ ਸਮੇਂ ਕਾਨੜੇ ਦੇ ਸ਼ਬਦ ਗਾਏ ਜਾਣ ਤੋਂ ਇਸ ਦਾ ਨਾਉਂ ਕਾਨੜੇ ਦੀ ਚੌਕੀ ਭੀ ਹੈ।

ਛੇਵੀਂ ਪਾਤਸ਼ਾਹੀ ਦੇ ਗੁਰ ਵਿਲਾਸ ਦੇ ਅਧਿਆਇ 8 ਵਿੱਚ ਪੰਜ ਚੌਕੀਆਂ ਲਿਖੀਆਂ ਹਨ-

1. ਆਸਾ ਦੀ ਵਾਰ ਦੀ ਚੌਕੀ।
2. ਅੱਧਾ ਪਹਿਰ ਦਿਨ ਚੜ੍ਹੇ ਅਨੰਦ ਦੀ ਚੌਕੀ।
3. ਸਵਾ ਪਹਿਰ ਦਿਨ ਚੜ੍ਹੇ ਚਰਨ ਕਮਲ ਦੀ ਚੌਕੀ।
4. ਸੋਦਰ ਦੀ ਚੌਕੀ।
5. ਕਾਨੜੇ ਦੀ ਚੌਕੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਰਤਨ ਦੀਆਂ ਇਹਨਾਂ ਚੌਕੀਆਂ ਦੇ ਨਾਲ ਨਾਲ ਸ਼ਾਮ ਨੂੰ ਵਿਸ਼ੇਸ਼ ਦੀਵਾਨ ਸਜਾ ਕੇ ਬੀਰ ਰਸੀ ਵਾਰਾਂ ਦਾ ਗਾਇਨ ਅਰੰਭ ਕਰ ਦਿੱਤਾ ਸੀ।

ਗੁਰੂ ਹਰਿ ਰਾਇ ਜੀ ਦੇ ਸਮੇਂ ਵੀ ਕੀਰਤਨ ਮਰਯਾਦਾ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਸੀ। ਜਦੋਂ ਗੁਰੂ ਜੀ ਯਾਤਰਾ ਵਿੱਚ ਹੁੰਦੇ ਸਨ ਉਦੋਂ ਵੀ ਕੀਰਤਨ ਦਾ ਪ੍ਰਵਾਹ ਚਲਦਾ ਰਹਿੰਦਾ ਸੀ। ਗਿਆਨੀ ਗਿਆਨ ਸਿੰਘ ਜੀ ਅਨੁਸਾਰ "ਜਿੱਥੇ ਗੁਰੂ ਜੀ ਜਾਣ ਦੋ ਵੇਲੇ ਦੀਵਾਨ ਲਗੇ। ਭਾਈ ਜਸ, ਦਰਿਆ, ਚਤਰਾ, ਨਥੂ ਆਦਿਕ ਰਬਾਬੀ ਇੱਕ ਵੇਲੇ ਚੌਕੀ ਕਰਨ। ਦੂਜੇ ਵੇਲੇ ਭਾਈ ਸੇਵਾ, ਰੱਤਾ ਆਦਿਕ ਕੀਰਤਨ ਕਰਨ।"[16] ਗਿਆਨੀ ਹਰਬੰਸ ਸਿੰਘ ਜੀ ਅਨੁਸਾਰ ਗੁਰੂ ਹਰਿ ਕ੍ਰਿਸ਼ਨ ਅਤੇ ਗੁਰੂ ਤੇਗ ਬਹਾਦੁਰ ਜੀ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਕੀਰਤਨ ਰਹੁ-ਰੀਤੀ ਨੂੰ ਪਿਆਰਦੇ ਅਤੇ ਸਤਿਕਾਰਦੇ ਰਹੇ।[17]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਕੀਰਤਨ ਦੀ ਇਹ ਮਰਯਾਦਾ ਕਾਇਮ ਰਹੀ। ਆਪ ਦੇ ਦਰਬਾਰ ਵਿੱਚ ਰਬਾਬੀ ਸਦੂ-ਮਦੂ ਆਸਾ ਦੀ ਵਾਰ ਦਾ ਕੀਰਤਨ ਕਰਦੇ ਸਨ:

*ਸਦੂ ਮਦੂ ਆਸਾ ਵਾਰ ਕੀਰਤਨ ਕਰਤੇ ਰਾਗ ਸੁਧਾਰ।*[18]

ਗੁਰੂ ਗੋਬਿੰਦ ਸਿੰਘ ਜੀ ਜੰਗਾਂ-ਜੁੱਧਾਂ ਵੇਲੇ ਵੀ ਆਸਾ ਦੀ ਵਾਰ ਦਾ ਕੀਤਰਨ ਜ਼ਰੂਰ ਸੁਣਦੇ ਸਨ।

ਗੁਰੂ ਸਾਹਿਬਾਨ ਤੋਂ ਬਾਅਦ ਹੁਣ ਤਕ ਵੀ ਕੀਰਤਨ ਦੀ ਮਰਯਾਦਾ ਲਗਭਗ ਪੁਰਾਤਨ ਰੂਪ ਵਿੱਚ ਕਾਇਮ ਹੈ। ਹਰਿਮੰਦਰ ਸਾਹਿਬ ਵਿੱਚ ਤਾਂ ਲਗਭਗ ਚੌਵੀ ਘੰਟੇ ਹੀ ਕੀਰਤਨ ਹੁੰਦਾ ਰਹਿੰਦਾ ਹੈ। ਬਾਕੀ ਗੁਰਦੁਆਰਾ ਸਾਹਿਬਾਨ

ਵਿੱਚ ਘੱਟੋ ਘੱਟ ਦੋ ਸਮੇਂ ਕੀਰਤਨ ਜ਼ਰੂਰ ਹੁੰਦਾ ਹੈ।

ਜਿਸ ਤਰ੍ਹਾਂ ਸਿੱਖ ਧਾਰਮਿਕ ਅਸਥਾਨਾਂ ਤੇ ਰੋਜ਼ਾਨਾ ਨਿਤਨੇਮ ਵਜੋਂ ਕੀਰਤਨ ਕਰਨ-ਸੁਣਨ ਦੀ ਮਰਯਾਦਾ ਕਾਇਮ ਹੈ ਇਸੇ ਤਰ੍ਹਾਂ ਕੀਰਤਨ ਕਰਨ ਦੀ ਵਿਧੀ ਬਾਰੇ ਵੀ ਮਰਯਾਦਾ ਕਾਇਮ ਹੈ।

ਕੀਰਤਨ ਚੌਕੀਆਂ ਦਾ ਉੱਪਰ ਜ਼ਿਕਰ ਆਇਆ ਹੈ। ਇੱਕ ਕੀਰਤਨੀ ਜਥਾ ਆਪਣੀ ਵਾਰੀ ਵਿੱਚ ਕੀਰਤਨ ਕਿਵੇਂ ਕਰੇ ਜਾਂ ਆਪਣੀ ਚੌਕੀ ਕਿਵੇਂ ਕਰਦਾ ਹੈ। ਇਸ ਪੱਖੋਂ ਜੋ ਮਰਯਾਦਾ ਪੁਰਾਤਨ ਕਾਲ ਤੋਂ ਚਲੀ ਆ ਰਹੀ ਸੀ ਉਸ ਤੋਂ ਕੀਰਤਨੀਏ ਅਤੇ ਪ੍ਰਬੰਧਕ ਸੱਜਣ ਕੁਝ ਅਵੇਸਲੇ ਹੁੰਦੇ ਜਾਪਦੇ ਹਨ। ਚੌਕੀ ਲਗਾਉਣ ਦਾ ਤਰੀਕਾ ਇਸ ਪ੍ਰਕਾਰ ਬਿਆਨ ਕੀਤਾ ਗਿਆ ਹੈ:[19]

ਚੌਕੀ ਦਾ ਭਾਵ ਹੈ ਚਾਰ ਪਾਵੇ ਅਰਥਾਤ ਕੀਰਤਨ ਦੇ ਚਾਰ ਅੰਗ ਹੁੰਦੇ ਹਨ ਜੋ ਕੀਰਤਨ ਕਰਨ ਵਾਲੇ ਨੇ ਪੂਰੇ ਕਰਨੇ ਹੁੰਦੇ ਹਨ। ਕੀਰਤਨ ਅਰੰਭ ਕਰਨ ਤੋਂ ਪਹਿਲਾਂ ਸੁਰ ਸਾਜ਼ ਵਜਾਉਣ ਵਾਲਾ ਸਾਜ਼ਿੰਦਾ ਸ਼ਾਨ ਜਾਂ ਲਹਿਰਾ ਵਜਾਉਂਦਾ ਹੈ। ਇਸ ਨੂੰ ਭਾਰਤੀ ਸੰਗੀਤ ਵਿੱਚ ਨਗਮਾ ਵੀ ਕਿਹਾ ਜਾਂਦਾ ਹੈ। ਇਸ ਨਾਲ ਤਾਲ ਸਾਜ਼ (ਤਬਲਾ ਜਾਂ ਮਿਰਦੰਗ) ਵਜਾਉਣ ਵਾਲਾ ਸਾਜ਼ਿੰਦਾ ਤਾਲ ਵਜਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦਾ ਹੈ। ਫਿਰ ਡੰਡਉਤ ਜਾਂ ਮੰਗਲਾਚਰਨ ਗਾਇਨ ਕੀਤਾ ਜਾਂਦਾ ਹੈ। ਇਸ ਦੇ ਗਾਇਨ ਸਮੇਂ ਰਾਗ ਦਾ ਸਰੂਪ ਸਿਰਜਿਆ ਜਾਂਦਾ ਹੈ। ਇਸ ਨਾਲ ਤਬਲੇ ਉੱਤੇ ਚਾਰ ਤਾਲ ਦਾ ਠੇਕਾ ਲਗਾਇਆ ਜਾਂਦਾ ਹੈ। ਇਹ ਗਾਇਨ ਭਾਰਤੀ ਸੰਗੀਤ ਦੇ ਵੱਡੇ ਖਿਆਲ ਵਾਂਗ ਹੁੰਦਾ ਹੈ।

ਡੰਡਉਤ ਤੋਂ ਬਾਅਦ ਸੰਪਰਦਾਈ ਸੰਗੀਤ ਕਲਾ ਦਾ ਵਿਸ਼ੇਸ਼ ਅੰਗ ਧਰੁਪਦ, ਪੜਤਾਲ, ਝਪਤਾਲ, ਚਾਰਤਾਲ, ਧਮਾਰ ਆਦਿ ਬਿਖੜੇ ਤਾਲਾਂ ਵਿੱਚ ਗਾਇਨ ਕੀਤਾ ਜਾਂਦਾ ਹੈ। ਇਸ ਰੀਤ ਜਾਂ ਧੁਨ ਨਾਲ ਸਿਆਣੇ ਤਬਲੇ ਵਾਲੇ ਠਾਅ, ਦੁਗਣ, ਤਿਗੁਣ, ਚੌਗੁਣ, ਆਡ, ਕੁਆਡ ਆਦਿ ਲੈਆਂ ਬਦਲ ਕੇ, ਗਤ ਵਜਾ ਕੇ ਜਾਂ ਸਾਜ਼ ਵਜਾ ਕੇ ਅਲੌਕਿਕ ਰੰਗ ਬੰਨ੍ਹਦੇ ਹਨ। ਫਿਰ ਕੋਈ ਸੁਗਮ ਗੀਤ ਗਾਈ ਜਾਂਦੀ ਹੈ। ਇਸ ਵਿੱਚ ਲੋੜ ਅਨੁਸਾਰ ਪ੍ਰਮਾਣ ਵੀ ਦਿੱਤੇ ਜਾਂਦੇ ਹਨ। ਕੀਰਤਨ ਸਮਾਪਤੀ ਉੱਤੇ ਸਮੇਂ ਨਾਲ ਸੰਬੰਧਤ ਰਾਗ ਦੀ ਵਾਰ ਵਿੱਚੋਂ ਸਲੋਕ ਅਤੇ ਪਉੜੀ ਦਾ ਗਾਇਨ ਕਰਕੇ ਕੀਰਤਨ ਚੌਕੀ ਦੀ ਸਮਾਪਤੀ ਕੀਤੀ ਜਾਂਦੀ ਹੈ।

ਕੀਰਤਨ ਕਰਨ ਸਮੇਂ ਬਾਣੀ ਦਾ ਗਾਇਨ ਕਿਵੇਂ ਕਰਨਾ ਹੈ, ਇਸ ਬਾਰੇ ਗੁਰੂ ਗ੍ਰੰਥ ਸਾਹਿਬ ਵਿੱਚ ਹੀ ਨਿਰਦੇਸ਼ ਦਰਜ ਕਰਕੇ ਮਰਯਾਦਾ ਕਾਇਮ ਕੀਤੀ ਹੋਈ ਹੈ। ਗੁਰੂ ਗ੍ਰੰਥ ਸਾਹਿਬ ਦੀ ਲਗਭਗ ਹਰ ਰਚਨਾ ਉੱਤੇ ਰਾਗ ਦਾ ਨਾਮ ਲਿਖਿਆ ਹੋਇਆ ਹੈ ਵਾਰਾਂ ਨੂੰ ਗਾਇਨ ਕਰਨ ਲਈ ਵਿਸ਼ੇਸ਼ ਧੁਨੀਆਂ, ਘਰਾਂ, ਪੜਤਾਲਾਂ ਆਦਿ ਦੇ ਨਿਰਦੇਸ਼ ਇੱਕ ਵਿਸ਼ੇਸ਼ ਪ੍ਰਕਾਰ ਦੀ ਗਾਇਨ ਮਰਯਾਦਾ ਹੀ ਹਨ। ਕੀਰਤਨ ਦਾ ਪੂਰਾ ਪ੍ਰਭਾਵ ਪ੍ਰਾਪਤ ਕਰਨ ਲਈ ਇਸ ਅਨੁਸਾਰ ਕੀਰਤਨ ਕਰਨਾ ਜ਼ਰੂਰੀ ਹੈ।

ਕੀਰਤਨ ਕਰਨ ਵਾਲਾ ਕਿਉਂਕਿ ਗੁਰਬਾਣੀ ਉੱਪਰ ਸ਼ਰਧਾ ਰੱਖਦਾ ਹੈ ਅਤੇ ਇਸ ਅਨੁਸਾਰ ਸਥਾਪਤ ਕੀਤੀ ਮਰਯਾਦਾ ਅਨੁਸਾਰ ਆਪਣਾ ਜੀਵਨ ਬਤੀਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਗੁਰਬਾਣੀ ਵਿੱਚ ਕੁਝ ਐਸੇ ਵੀ ਕਥਨ ਹਨ ਜਿਹੜੇ ਕੀਰਤਨੀਏ ਦੀ ਮਾਨਸਿਕਤਾ ਨੂੰ ਇੱਕ ਖਾਸ ਮਰਯਾਦਾ ਵਿੱਚ ਬੰਨ੍ਹਦੇ ਪ੍ਰਤੀਤ ਹੁੰਦੇ ਹਨ। ਕੀਰਤਨ ਕਰਨ ਸਮੇਂ ਆਪਣੀ ਕਲਾ ਦਾ ਹੰਕਾਰ ਨਹੀਂ ਕਰਨਾ ਚਾਹੀਦਾ। ਗੁਰਬਾਣੀ ਵਿੱਚ ਦਰਜ ਹੈ:

*ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ॥*
*ਹਉਮੈ ਵਿਚਿ ਗਾਵਹਿ ਬਿਰਥਾ ਜਾਇ॥*
(ਗਉੜੀ ਗੁਆਰੇਰੀ ਮਹਲਾ ਤੀਜਾ ਪੰਨਾ ੧੫੮)

ਕੀਰਤਨ ਕਰਨ ਸਮੇਂ ਵਿਖਾਵਾ ਨਹੀਂ ਕਰਨਾ। ਬਹੁ-ਭਾਂਤੀ ਰਾਗਦਾਰੀਆਂ ਅਤੇ ਤਾਲ-ਦਾਰੀਆਂ ਅਸੁਭਾਵਿਕ ਤਰੀਕੇ ਨਾਲ ਪੇਸ਼ ਕਰਕੇ ਲੋਕਾਂ ਨੂੰ ਚਮਕ੍ਰਿਤ ਕਰਨ ਦਾ ਜਤਨ ਕਰਨਾ ਅਤੇ ਸਮਝਣਾ ਕਿ ਇਸ ਨਾਲ ਪ੍ਰਮਾਤਮਾ ਖੁਸ਼ ਹੋ ਜਾਵੇਗਾ- ਗਲਤ ਹੈ! ਗੁਰ ਫੁਰਮਾਨ ਹੈ:

*ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ,*
*ਨਹੀ ਹਰਿ ਹਰਿ ਭੀਜੈ ਰਾਮ ਰਾਜੇ।*
*ਜਿਨਾ ਅੰਤਰਿ ਕਪਟੁ ਵਿਕਾਰੁ ਹੈ,*
*ਤਿਨਾ ਰੋਇ ਕਿਆ ਕੀਜੈ॥*
(ਆਸਾ ਛੰਤ ਮਹਲਾ ਚੌਥਾ ਪੰਨਾ ੪੫੦)

ਗੁਰੂ ਸਾਹਿਬ ਕੀਰਤਨੀਏ ਨੂੰ ਲਾਲਚ ਤੋਂ ਉੱਪਰ ਉਠ ਕੇ ਕੀਰਤਨ ਕਰਨ ਦਾ ਉਪਦੇਸ਼ ਦਿੰਦੇ ਹਨ:

*ਭਲੋ ਭਲੋ ਰੇ ਕੀਰਤਨੀਆ,*
*ਰਾਮ ਰਮਾ ਰਾਮਾ ਗੁਨ ਗਾਉ।*
*ਛੋਡਿ ਮਾਇਆ ਕੇ ਧੰਧ ਸੁਆਉ।*
(ਰਾਮਕਲੀ ਮਹਲਾ ੫, ਪੰਨਾ ੮੮੫ )

ਕੀਰਤਨ ਕਰਨ ਦੇ ਨਾਲ ਨਾਲ ਕੀਰਤਨ ਸੁਣਨਾ ਵੀ ਸਿੱਖ ਰਹਿਤ ਮਰਯਾਦਾ ਦਾ ਇੱਕ ਅੰਗ ਹੈ। ਕੀਰਤਨ ਸੁਣਨ ਦੀ ਪ੍ਰਕਿਰਿਆ ਤੋਂ ਗੁਰੂ ਸਾਹਿਬਾਨ ਸ਼ੁਰੂ ਤੋਂ ਹੀ ਸੁਚੇਤ ਰਹੇ ਹਨ। ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਸਾਖੀਆਂ ਵਿੱਚ ਸਰੋਤੇ ਸੰਬੰਧੀ ਕੁਝ ਸੰਕੇਤ ਮਿਲਦੇ ਹਨ। ਗਿਆਨ ਰਤਨਾਵਲੀ ਵਿੱਚ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਸਾਖੀ ਵਿੱਚ ਦਰਜ ਹੈ-

ਤੁਮ ਉਤਮ ਸਰੋਤੇ ਹੋ ਜੋ ਸ਼ਬਦ ਦਾ ਤਾਤਪਰਜ ਸਮਝੇ ਹੋ। ਕਾਗ ਭਸੁੰਡ ਕਹਿਆ ਉਤਮ ਹੈ ਜੋ ਮਹਾਰਾਜ ਦੇ ਕੀਰਤਨ ਦੇ ਤਾਤਪਰਜ਼ ਨੂੰ ਸਮਝਤੇ ਹੈ, ਸੋ ਰਸ ਪਾਵਤੇ ਹੈਂ, ਜੋ ਰਾਗਾਂ ਨੂੰ ਤਾਰਾਂ ਸਮਝਦੇ ਹੈਂ ਸੋ ਛਿਲ ਖਾਤੇ ਹੈਂ।[20]

ਗੁਰੂ ਅਰਜਨ ਦੇਵ ਜੀ ਕੀਰਤਨ ਸੁਣਨ ਸੰਬੰਧੀ ਫੁਰਮਾਉਂਦੇ ਹਨ:

*ਗੁਰ ਦੁਆਰੈ ਹਰਿ ਕੀਰਤਨੁ ਸੁਣੀਐ।*
*ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ।*
(ਮਾਰੂ ਮਹਲਾ ੫, ਪੰਨਾ ੧੦੭੫)

ਭਾਈ ਗੁਰਦਾਸ ਜੀ ਕੀਰਤਨ ਸੁਣਨ ਅਤੇ ਗਾਉਣ ਬਾਰੇ ਦੱਸਦੇ ਹਨ-

*ਕਤ ਪੁਨਿ ਰਾਗ ਨਾਦ ਬਾਦ ਹੈ ਸੰਗਤਿ ਗੀਤਿ,*
*ਸ੍ਰੀ ਗੁਰੂ ਸਬਦਿ ਧੁਨਿ ਸੁਨਿ ਪੁਨਿ ਗਾਈਐ।*[21]

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਰਚਿਤ ਰਹਿਤਨਾਮਿਆਂ ਵਿੱਚ ਸਰੋਤੇ ਲਈ ਵਿਸ਼ੇਸ਼ ਮਰਯਾਦਾ ਦੇ ਸੰਕੇਤ ਮਿਲਦੇ ਹਨ-

*ਗੁਰ ਸਿਖ ਰਹਿਤ ਸੁਨਹੁ ਰੇ ਮੀਤ।*
*ਪਰਭਾਤੇ ਉਠ ਕਰ ਹਿਤ ਚੀਤ।*
*ਵਾਹਿਗੁਰੂ ਗੁਰ ਮੰਤ੍ਰ ਸੁ ਜਪ ਜਾਪ।*
*ਸੰਧਯਾ ਸਮੇਂ ਸੁਨੇ ਰਹਿਰਾਸ।*
*ਕੀਰਤਨ ਕਥਾ ਸੁਨੇ ਹਰਿ ਯਾਸ।*[22]

ਸਾਧ-ਸੰਗਤ ਵਿੱਚ ਨਾ ਜਾਣ ਵਾਲਾ ਅਤੇ ਸੰਗਤ ਵਿੱਚ ਆ ਕੇ ਕਥਾ ਕੀਰਤਨ ਵੇਲੇ ਚਿਤ ਭੁਲਾਉਣ ਅਤੇ ਗੱਲਾਂ ਕਰਨ ਵਾਲਾ ਤਨਖਾਹੀਆ ਭਾਵ ਸਜ਼ਾਯੋਗ ਹੈ-

*ਪ੍ਰਾਤ ਕਾਲ ਸਤਸੰਗ ਨਾ ਜਾਵੈ।*
*ਤਨਖਾਹਦਾਰ ਵਹ ਬਡਾ ਕਹਾਵੈ।*
... ... ... ... ... ... ...
*ਸਤਸੰਗ ਜਾਇ ਕਰ ਚਿਤ ਭੁਲਾਵੈ।*
*ਹਰਿ ਯਸ ਸੁਨਤੇ ਬਾਤ ਚਲਾਵੈ।*
*ਸੋ ਤਨਖਾਹੀਆ ਮੂਲ ਕਹਾਵੈ।*[23]

ਕੀਰਤਨ ਨੂੰ ਉਪਰੋਕਤ ਅਨੁਸਾਰ ਵਿਅਕਤੀਗਤ ਜੀਵਨ ਵਿੱਚ ਸ਼ਾਮਲ ਕਰਨ ਦੇ ਨਾਲ ਨਾਲ ਇਸ ਨੂੰ ਸਿੱਖ ਸਮਾਜ ਦੀਆਂ ਰੀਤਾਂ-ਰਸਮਾਂ ਅਤੇ ਸੰਸਕਾਰਾਂ ਵਿੱਚ ਮਰਯਾਦਾ ਦੇ ਰੂਪ ਵਿੱਚ ਸ਼ਾਮਲ ਕੀਤਾ ਗਿਆ ਹੈ।

ਕਿਸੇ ਵੀ ਸਿੱਖ ਦੇ ਘਰ ਸੰਤਾਨ ਅਤੇ ਵਿਸ਼ੇਸ਼ ਕਰਕੇ ਲੜਕਾ ਹੁੰਦਾ ਹੈ ਤਾਂ ਖੁਸ਼ੀ ਮਨਾਈ ਜਾਂਦੀ ਹੈ। ਉਸ ਦੇ ਨਾਮ-ਸੰਸਕਾਰ, ਦਸਤਾਰ ਸਜਾਉਣ ਸਮੇਂ ਖੁਸ਼ੀ ਮਨਾਈ ਜਾਂਦੀ ਹੈ।

ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਪਾਠ ਦੇ ਭੋਗ ਉਪਰੰਤ ਕੀਰਤਨ ਕੀਤਾ ਜਾਂਦਾ ਹੈ। ਇਸ ਸਮੇਂ ਖੁਸ਼ੀ ਪਰਗਟ ਕਰਨ ਵਾਲੇ ਹੋਰ ਸ਼ਬਦਾਂ ਦੇ ਨਾਲ ਨਾਲ ਹੇਠ ਲਿਖੇ ਸ਼ਬਦ ਵਿਸ਼ੇਸ਼ ਰੂਪ ਵਿੱਚ ਗਾਇਨ ਕੀਤੇ ਜਾਂਦੇ ਹਨ-

*ਸਤਿਗੁਰ ਸਾਚੈ ਦੀਆ ਭੇਜ॥*
(ਆਸਾ ਮਹਲਾ ੫, ਪੰਨਾ ੩੯੬)

*ਪੂਤਾ ਮਾਤਾ ਕੀ ਆਸੀਸ॥*
*ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ,*
*ਸਦਾ ਭਜਹੁ ਜਗਦੀਸ॥*
(ਗੂਜਰੀ ਮਹਲਾ ੫, ਪੰਨਾ ੪੯੬)

ਬੱਚੇ ਦੇ ਵਿਆਹ ਤੋਂ ਪਹਿਲਾਂ ਸਗਨ ਦੀ ਰਸਮ ਸਮੇਂ ਖੁਸ਼ੀ ਦੇ ਹੋਰ ਸ਼ਬਦਾਂ ਦੇ ਨਾਲ ਹੇਠ ਲਿਖਿਆ ਸ਼ਬਦ ਗਾਇਆ ਜਾਂਦਾ ਹੈ-

*ਸਤੁ ਸੰਤੋਖੁ ਕਰ ਭਾਉ॥*
*ਕੁੜਮ ਕੁੜਮਾਈ ਆਇਆ ਬਲਿਰਾਮ ਜੀਉ॥*
(ਆਸਾ ਮਹਲਾ ੧, ਪੰਨਾ ੪੨੨)

ਅਨੰਦ ਕਾਰਜ ਦੀ ਮਰਯਾਦਾ ਵਿੱਚ ਕੀਰਤਨ ਦਾ ਵਿਸ਼ੇਸ਼ ਸਥਾਨ ਹੈ। ਇਸ ਸਮੇਂ ਰਾਗੀ ਮੰਗਲਾਚਰਨ ਦੇ ਸ਼ਬਦ ਗਾਇਨ ਕਰਦੇ ਹਨ, ਅਨੰਦ ਕਾਰਜ ਦੀ ਰਸਮ ਅਰੰਭ ਕਰਨ ਸਮੇਂ "ਕੀਤਾ ਲੋੜੀਐ ਕੰਮੁ ਸੁ ਹਰਿ ਪੈ ਆਖੀਐ"[24] ਸ਼ਬਦ ਗਾਇਨ ਕੀਤਾ ਜਾਂਦਾ ਹੈ।

ਪੱਲਾ ਫੜਾਉਣ ਵੇਲੇ "ਪਲੈ ਮੈ ਤੈਡੇ ਲਾਗੀ"[25] ਗੁਰੂ ਗ੍ਰੰਥ ਸਾਹਿਬ ਦੀਆਂ ਪਰਕਰਮਾ ਸਮੇਂ ਚਾਰ ਲਾਵਾਂ[26] ਦਾ ਕੀਰਤਨ ਕੀਤਾ ਜਾਂਦਾ ਹੈ।

ਲਾਵਾਂ ਉਪਰੰਤ ਅਨੰਦ ਸਾਹਿਬ ਦਾ ਗਾਇਨ ਕਰਕੇ

"ਵਿਆਹ ਹੋਆ ਮੇਰੇ ਬਾਬਲਾ"[27] "ਪੂਰੀ ਆਸਾ ਜੀ ਮਨਸਾ ਮੇਰੇ ਰਾਮ"[28] ਸ਼ਬਦ ਗਾਇਨ ਕੀਤੇ ਜਾਂਦੇ ਹਨ।

ਮਿਰਤਕ ਸੰਸਾਰ ਸਮੇਂ ਬੈਰਾਗ ਦੇ ਸ਼ਬਦ ਗਾਇਨ ਕੀਤੇ ਜਾਂਦੇ ਹਨ। ਹੁਣ ਤਾਂ ਗ੍ਰਿਹਿ ਪ੍ਰਵੇਸ਼, ਨਵਾਂ ਕਾਰੋਬਾਰ ਸ਼ੁਰੂ ਕਰਨ, ਕਈ ਕਾਮਯਾਬੀ ਆਦਿ ਦੇ ਸਮੇਂ ਕੀਰਤਨ ਕਰਨ ਦੀ ਮਰਯਾਦਾ ਬਣ ਗਈ ਹੈ। ☬

## ਫੁਟਨੋਟ ਤੇ ਟਿੱਪਣੀਆਂ

1. ਕੀਰਤਨ ਨਿਰਮੋਲਕ ਹੀਰਾ॥
   ਅਨੰਦ ਗੁਣੀ ਗਹੀਰਾ॥
   (ਰਾਮਕਲੀ ਮਹਲਾ ੫, ਆਦਿ ਗ੍ਰੰਥ, ਪੰਨਾ ੮੯੩)
2. ਤਹਾ ਬੈਕੁੰਠ ਜਹ ਕੀਰਤਨੁ ਤੇਰਾ,
   ਤੂੰ ਆਪੇ ਸਰਧਾ ਲਾਇਹਿ॥
   (ਸੂਹੀ ਮਹਲਾ ੫, ਆਦਿ ਗ੍ਰੰਥ, ਪੰਨਾ ੭੪੯)
3. ਭਲੋ ਭਲੋ ਰੇ ਕੀਰਤਨੀਆ॥
   (ਰਾਮਕਲੀ ਮਹਲਾ ੫, ਪੰਨਾ ੮੮੫)
4. ਸਿੱਖ ਰਹਿਤ ਮਰਯਾਦਾ, ਪੰਨਾ ੧੭, ੨੨ ਆਦਿ।
5. ਪੁਰਾਤਨ ਜਨਮਸਾਖੀ, ਪੰਨਾ ੧੬
6. ਭਾਈ ਗੁਰਦਾਸ ਵਾਰ ੧, ਪਉੜੀ ੩
7. ਗਿਆਨ ਰਤਨਾਵਲੀ, ਹਵਾਲਾ ਹਰਬੰਸ ਸਿੰਘ, ਨਿਰਬਾਣ ਕੀਰਤਨ, ਪੰਨਾ ੩੨
8. ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰਨਾ ੨੮੬
9. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਛੰਦ ੧੬੫
10. ਭਾਈ ਸੰਤੋਖ ਸਿੰਘ, ਸੂਰਜ ਪ੍ਰਕਾਸ਼ ਰਾਸ ੩-੪੩
11. ਭਾਈ ਵੀਰ ਸਿੰਘ, ਅਸ਼ਟਗੁਰ ਚਮਤਕਾਰ ਪੰਨਾ ੨੫੧
12. ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰਨਾ ੩੧੭-੧੮
13. ਉਹੀ ਪੰਨਾ ੩੪੬
14. ਆਦਿ ਗ੍ਰੰਥ, ਪੰਨਾ ੩੦੫
15. ਭਾਈ ਕਾਹਨ ਸਿੰਘ ਨਾਭਾ, ਐਂਟਰੀ 'ਚਾਰ ਚੌਕੀਆਂ'।
16. ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰਨਾ ੬੦੩
17. ਨਿਰਬਾਣ ਕੀਰਤਨ, ਪੰਨਾ ੪੭
18. ਭਾਈ ਸੰਤੋਖ ਸਿੰਘ, ਹਵਾਲਾ ਨਿਰਬਾਣ ਕੀਰਤਨ ਪੰਨਾ ੪੯
19. ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ, ਗੁਰਬਾਣੀ ਸੰਗੀਤ ਪ੍ਰਾਚੀਨ ਗੀਤ ਰਤਨਾਵਲੀ।
20. ਭਾਈ ਮਨੀ ਸਿੰਘ ਗਿਆਨ ਰਤਨਾਵਲੀ ਹਵਾਲਾ ਨਿਰਬਾਣ ਕੀਰਤਨ, ਪੰਨਾ ੩੧-੩੨
21. ਭਾਈ ਗੁਰਦਾਸ ਜੀ, ਕਬਿੱਤ ਸਵੈਯੇ, ਪੰਨਾ ੨੨੭
22. ਪ੍ਰਸ਼ਨ ਉਤਰ ਭਾਈ ਨੰਦ ਲਾਲ ਕਾ, ਹਵਾਲਾ ਗੁਰਮਤ ਸੁਧਾਕਰ, ਪੰਨਾ ੨੧੬
23. ਤਨਖਾਹਨਾਮਾ ਹਵਾਲਾ, ਗੁਰਮਤ ਸੁਧਾਕਰ ੨੫੪
24. ਸਿਰੀਰਾਗ ਵਾਰ ਮਹਲਾ ੫, ਪੰਨਾ ੯੧
25. ਰਾਮਕਲੀ ਵਾਰ ਮਹਲਾ ੫, ਪੰਨਾ ੯੬੩
26. ਸੂਹੀ ਮਹਲਾ ੪, ਪੰਨਾ ੭੮
27. ਸਿਰੀਰਾਗ ਮਹਲਾ ੪, ਪੰਨਾ ੭੮
28. ਵਡਹੰਸ ਮਹਲਾ ੫, ਪੰਨਾ ੫੭੭

### ਪੁਰਾਣੇ ਅੰਕ ਮੁਫਤ ਮੰਗਵਾਉਣ ਲਈ

'ਅੰਮ੍ਰਿਤ ਕੀਰਤਨ' ਦੇ ਪੁਰਾਣੇ ਅੰਕ ਪ੍ਰਤੀ ਕਾਪੀ 2 ਰੁਪਏ ਅਤੇ 'ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ' ਤੇ 5 ਰੁਪਏ ਡਾਕ ਖਰਚ ਹੁੰਦਾ ਹੈ। ਲੋੜਵੰਦ ਇਸ ਅਨੁਸਾਰ ਡਾਕ ਟਿਕਟਾਂ ਭੇਜਣ ਦੀ ਕਿਰਪਾ ਕਰਨ।

**ਅੰਮ੍ਰਿਤ ਕੀਰਤਨ # 422, ਸੈਕਟਰ 15-ਏ, ਚੰਡੀਗੜ੍ਹ**

**ਜੋ ਮਾਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ॥**

ਨਵੇਂ ਸਾਲ ਦੀਆਂ ਆਪ ਜੀ ਨੂੰ ਲੱਖ ਲੱਖ ਵਧਾਈਆਂ ਹੋਣ ਅਤੇ ਨਵਾਂ ਸਾਲ ਆਪ ਜੀ ਲਈ ਖੁਸ਼ੀਆਂ ਭਰਿਆ ਹੋਵੇ।

**ਸੇਵਕਸ' ਚੈਰੀਟੇਬਲ ਟਰਸਟ (ਰਜਿ.)**

ਐਸ ਸੀ ਓ: 1104-05, ਸੈਕਟਰ: 22-ਬੀ, ਚੰਡੀਗੜ੍ਹ

ਫੋਨ: 701238, 713915, 701396

# ਗੁਰ ਸ਼ਬਦ ਕੀਰਤਨ

**ਨਵਤੇਜ ਸਿੰਘ ★**

ਜਗਤ ਜਲੰਦੇ ਠਾਰਨ ਅਤੇ ਤਾਰਨ ਲਈ ਗੁਰ ਸ਼ਬਦ ਕੀਰਤਨ ਦੀ ਅੰਮ੍ਰਿਤ ਵਰਖਾ ਕਰਦਿਆਂ ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰਬ ਲੋਕਾਈ ਨੂੰ ਸ਼ਬਦ ਕੀਰਤਨ ਦੀ ਇਲਾਹੀ ਦਾਤ ਨਾਲ ਨਿਵਾਜਿਆ। ਕੀਰਤਨ ਦੀ ਦਾਤ ਨਾਲ ਓਤ-ਪੋਤ, ਸਿੱਖੀ ਜੀਵਨ ਜਨਮ ਤੋਂ ਲੈ ਕੇ ਅਕਾਲ ਚਲਾਣੇ ਤੱਕ ਵਿਸਮਾਦੀ ਰੰਗ ਵਿੱਚ ਰੰਗਿਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੀਰਤਨ ਦੁਆਰਾ ਗੁਰ ਸ਼ਬਦ ਦੇ ਪ੍ਰਕਾਸ਼ ਲਈ ਗੁਰੂ ਸਾਹਿਬਾਨ ਨੇ ਸਮੁੱਚੀ ਬਾਣੀ ਨੂੰ ਵੱਖ-ਵੱਖ ਰਾਗਾਂ, ਰਾਗ ਪ੍ਰਕਾਰਾਂ, ਗਾਇਨ ਰੂਪਾਂ ਅਤੇ ਰਹਾਓ, ਅੰਕ ਵਰਗੇ ਸੰਗੀਤਕ ਸੰਕੇਤਾਂ ਨਾਲ ਨਿਰਧਾਰਤ ਕੀਤਾ ਹੈ। ਸਿੱਖ ਮਰਿਯਾਦਾ ਅਨੁਸਾਰ ਗੁਰ ਸ਼ਬਦ ਕੀਰਤਨ ਲਈ ਇਨ੍ਹਾਂ ਦੀ ਪਾਲਣਾ ਬੁਨਿਆਦੀ ਤੌਰ ਤੇ ਜ਼ਰੂਰੀ ਹੈ। ਗੁਰੂ ਘਰ ਵਿੱਚ ਸਦੀਆਂ ਤੋਂ ਗੂੰਜ ਰਹੀ ਇਲਾਹੀ ਬਾਣੀ ਦੀ ਵਿਸਮਾਦੀ ਕੀਰਤਨ ਧੁਨੀ ਨੇ ਵਿਸ਼ਵ ਸੰਗੀਤ ਨੂੰ ਅਨੂਠੇ ਮੌਲਿਕ ਰਾਗਾਂ, ਗਾਇਨ ਰੂਪਾਂ, ਤੰਤੀ ਸਾਜ਼ਾਂ, ਮਹਾਨ ਕੀਰਤਨਕਾਰਾਂ ਅਤੇ ਕੀਰਤਨ ਟਕਸਾਲਾਂ ਦੇ ਰੂਪ ਵਿੱਚ ਮਾਲਾਮਾਲ ਕੀਤਾ ਹੈ। ਇਸ ਮਹਾਨ ਟਕਸਾਲੀ ਵਿੱਦਿਆ ਨੂੰ ਗੁਰ-ਸ਼ਬਦ ਦੀ ਨਿਰਧਾਰਤ ਮਰਿਆਦਾ ਅਨੁਸਾਰ ਸਰਬ ਲੋਕਾਈ ਸਾਹਮਣੇ ਪ੍ਰਸਤੁਤ ਕਰ ਰਹੇ ਹਨ। H.M.V. ਰਿਕਾਰਡਿੰਗ ਕੰਪਨੀ ਵਾਲੇ ਦਸ ਕੈਸਟਾਂ ਦੇ ਸੈੱਟ ਵਿੱਚ। ਗੁਰ ਸ਼ਬਦ ਕੀਰਤਨ ਗੁਰਬਾਣੀ ਪ੍ਰੇਮੀਆਂ ਲਈ ਇੱਕ ਅਨੂਠੀ ਭੇਂਟ ਹੈ ਜੋ ਛੇਤੀ ਹੀ ਉਨ੍ਹਾਂ ਤੱਕ ਪਹੁੰਚ ਰਹੀ ਹੈ। ਇਸ ਵਿੱਚ ਬਾਣੀ ਦੇ ਆਸ਼ੇ ਅਨੁਸਾਰ ਸੁਰੀਲਾ, ਸਪੱਸ਼ਟ ਅਤੇ ਸਹਿਜਮਈ ਸ਼ਬਦ ਪ੍ਰਧਾਨ ਕੀਰਤਨ ਉਨ੍ਹਾਂ ਦੇ ਮਨਾਂ ਨੂੰ ਟੁੰਭ ਲਵੇਗਾ।

ਸਿੱਖ ਇਤਿਹਾਸ ਅਤੇ ਵਿਸ਼ਵ ਸੰਗੀਤ ਵਿੱਚ ਪਹਿਲੀ ਵਾਰ ਗੁਰੂ ਸਾਹਿਬਾਨ ਦੁਆਰਾ ਮਰਿਆਦਤ ਸੰਗੀਤ ਪਰੰਪਰਾ ਅਨੁਸਾਰ ਤੰਤੀ ਸਾਜ਼ਾਂ ਨਾਲ ਅਧਾਰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਣ 62 ਰਾਗਾਂ (31 ਮੁੱਖ ਰਾਗਾਂ ਅਤੇ 31 ਰਾਗ ਪ੍ਰਕਾਰਾਂ) ਸੰਯੁਕਤ ਡਿਜੀਟਲ ਰਿਕਾਰਡਿੰਗ ਵਿੱਚ ਵੱਖ-ਵੱਖ ਬਾਣੀਆਂ ਨੂੰ ਟਕਸਾਲੀ ਤੇ ਪ੍ਰਵਾਨਿਤ ਰਾਗ ਸਰੂਪਾਂ ਅਨੁਸਾਰ ਸ਼ਬਦ ਪ੍ਰਧਾਨ ਕੀਰਤਨ ਵਜੋਂ ਡਾ. ਗੁਰਨਾਮ ਸਿੰਘ ਜੀ, ਮੁਖੀ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਦੀ ਮਿੱਠੀ ਅਤੇ ਸੁਰੀਲੀ ਆਵਾਜ਼ ਵਿੱਚ ਗਾਇਆ ਗਿਆ ਹੈ। ਸਿੱਖ ਧਰਮ ਦੀ ਮਹਾਨ ਗੁਰਮਤਿ ਸੰਗੀਤ ਪਰੰਪਰਾ ਦੇ ਪਿਤਾ-ਪੁਰਖੀ ਵਾਰਿਸ ਡਾ. ਗੁਰਨਾਮ ਸਿੰਘ (ਜੋ ਕਿ ਕੀਰਤਨ ਪ੍ਰੇਮੀਆਂ ਦੇ ਜਾਣੇ-ਮਾਣੇ ਡਾ. ਜਾਗੀਰ ਸਿੰਘ ਦੇ ਛੋਟੇ ਭਰਾਤਾ ਹਨ) ਨੇ ਕੀਰਤਨ ਦੀ ਆਰੰਭਿਕ ਸਿੱਖਿਆ ਆਪਣੇ ਪਿਤਾ ਸ਼੍ਰੋਮਣੀ ਰਾਗੀ ਭਾਈ ਉੱਤਮ ਸਿੰਘ ਪਤੰਗ ਅਤੇ ਆਪਣੇ ਵੀਰ ਡਾ. ਬਚਿੱਤਰ ਸਿੰਘ ਤੋਂ ਗ੍ਰਹਿਣ ਕੀਤੀ ਅਤੇ ਸੰਗੀਤ ਤੇ ਗੁਰਮਤਿ ਸੰਗੀਤ ਦੀ ਵਿਧੀ-ਪੂਰਵਕ ਸਿੱਖਿਆ ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਜੀ ਤੋਂ ਪ੍ਰਾਪਤ ਕੀਤੀ। ਆਗਰਾ ਘਰਾਣਾ ਦੇ ਉਸਤਾਦ ਪਦਮ ਸ੍ਰੀ ਸੋਹਣ ਸਿੰਘ, ਸ੍ਰੀ ਸੀ. ਐਮ. ਧਵਨ (ਯੂ. ਐਸ. ਏ.) ਅਤੇ ਪ੍ਰਿੰਸੀਪਲ ਸ. ਸ. ਕਰੀਰ ਦੇ ਸੁਰਾਤਮਕ ਆਸ਼ੀਰਵਾਦ ਨੇ ਆਪ ਦੀ ਸੰਗੀਤ ਕਲਾ ਨੂੰ ਹੋਰ ਨਿਖਾਰਿਆ।

ਗੁਰਮਤਿ ਸੰਗੀਤ ਐਵਾਰਡ ਜੇਤੂ (1992) ਡਾ. ਗੁਰਨਾਮ ਸਿੰਘ ਨੇ ਸੰਗੀਤ ਜਗਤ ਨੂੰ ਚਾਰ ਆਡੀਓ ਕੈਸੇਟਸ, ਦੋ ਵੀਡਿਓ ਕੈਸੇਟ ਅਤੇ ਅਦੁੱਤੀ ਰਚਨਾਵਾਂ ਦਿੱਤੀਆਂ ਹਨ। ਮੌਜੂਦਾ ਭੇਂਟ ਗੁਰ ਸ਼ਬਦ ਕੀਰਤਨ ਵਿੱਚ ਗੁਰਬਾਣੀ ਦੇ ਪ੍ਰੇਮੀਆਂ ਨੂੰ ਜਿੱਥੇ ਕਈ ਇੱਕ ਜਾਣੇ-ਪਹਿਚਾਣੇ ਸ਼ਬਦ ਨਿਰਧਾਰਤ ਰਾਗਾਂ ਵਿੱਚ ਸੁਣਨ ਤੇ ਮਾਨਣ ਨੂੰ ਮਿਲਣਗੇ ਉਸ ਦੇ ਨਾਲ ਹੀ ਕਈ ਅਜਿਹੇ ਸ਼ਬਦਾਂ ਦਾ ਰਸ ਵੀ ਮਾਨਣ ਨੂੰ ਮਿਲੇਗਾ ਜੋ ਆਮ ਗਾਇਨ ਨਹੀਂ ਕੀਤੇ ਜਾਂਦੇ। ਅਸੀਂ ਡਾ. ਸਾਹਿਬ ਨੂੰ ਵਧਾਈ ਦੇਂਦੇ ਹਾਂ ਅਤੇ ਆਸ ਕਰਦੇ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਉਹ ਗੁਰਬਾਣੀ ਸੰਗੀਤ ਪ੍ਰੇਮੀਆਂ ਨੂੰ ਹੋਰ ਵੀ ਕਈ ਅਜਿਹੀਆਂ ਭੇਂਟਾਂ ਦੇਣਗੇ।

★ # 3016, ਸੈਕਟਰ 23-ਡੀ, ਚੰਡੀਗੜ੍ਹ

ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ ਇੱਕੋ-ਇੱਕ ਆਵਾਜ਼

**ਸਿੱਖ ਲੀਗ**

(ਪੰਦਰਵਾੜਾ)

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ - 8

ਫੋਨ : 5707096

**THE SIKH REVIEW**

(A Monthly Magazine)

116, Kamani Mansion

25-A, Park Street, Calcutta

# Golden Past, Golden Future



## A dream turned into reality.

Achieving self- sufficiency in foodgrain production
was the major premise of fertiliser industry in India.
To ensure timely and proper availability of essential plant nutrients for
increasing crop production, IFFCO took birth in 1967.
With four modern & efficient plants at Kalol
and Kandla in Gujarat, and Phulpur and Aonla in Uttar Pradesh,
IFFCO is the largest producer and marketer of fertilisers in India today.
This is not all, IFFCO has now formulated an action plan " Vision for tomorrow" with
a view to become the largest producer of fertilisers in the world.
IFFCO has contributed in the development of cooperatives and helped
millions of farmers to reap bumper harvest year after year on
sustainable basis, maintaining the soil health.
It is truly the pride of Indian farmers and the cooperative movement.

IFFCO

**INDIAN FARMERS FERTILISER COOPERATIVE LIMITED**

34, Nehru Place, New Delhi 110 019

INTERADS/D/96



# ਓਅੰਕਾਰ (ਓਂਕਾਰ)

ਸੋਹਿੰਦਰ ਸਿੰਘ ਵਣਜਾਰਾ ਬੇਦੀ

1. ਪਰਮ ਸਤਿ ਦੇ ਨਿਰਗੁਣ ਤੇ ਸਰਗੁਣ ਸਰੂਪ ਦਾ ਬੋਧਿਕ; ਇਹ ਸ਼ਬਦ ਓਅੰ ਤੇ ਕਾਰ ਦੇ ਸੁਮੇਲ ਤੋਂ ਬਣਿਆ ਹੈ। ਓਅੰ, ਓਮ ਦਾ ਰੂਪ ਹੈ, ਕਾਰ ਬ੍ਰਹਿਮੰਡ ਦੀ ਉਸ ਵਿਰਾਟ ਸਾਮਗਰੀ ਦਾ ਬੋਧਿਕ ਹੈ ਜਿਸ ਦਾ ਸਿਰਜਨਹਾਰ ਓਅੰ ਹੈ। ਭਾਵ ਓਅੰ ਆਪਣੇ ਰਚੇ ਹੋਏ ਬ੍ਰਹਿਮੰਡ ਵਿੱਚ ਸਰਗੁਣ ਸਰੂਪ ਵਿੱਚ ਵਿਦਮਾਨ ਹੈ। ਉਹੀ ਜਗਤ ਦਾ ਉਪਾਦਾਨ ਕਾਰਨ ਅਤੇ ਹੇਤੂ ਹੈ। ਇਸ ਲਈ ਉਹ ਓਅੰਕਾਰ ਹੋਇਆ।

ਪ੍ਰੋ. ਸਾਹਿਬ ਸਿੰਘ ਅਨੁਸਾਰ 'ਕਾਰ' ਸੰਸਕ੍ਰਿਤ ਦਾ ਪਿਛੇਤਰ ਹੈ ਜੋ ਨਾਵਾਂ ਦੇ ਆਖ਼ਰ ਵਿੱਚ ਵਰਤਿਆ ਜਾਂਦਾ ਹੈ। ਉਨ੍ਹਾਂ ਦੇ ਅਨੁਸਾਰ *(ਗੁਰੂ ਗ੍ਰੰਥ ਦਰਪਣ, 1,44)* ਇਸ ਦੇ ਅਰਥ ਹਨ : 'ਇੱਕ ਰਸ, ਜਿਸ ਵਿੱਚ ਤਬਦੀਲੀ ਨਾ ਹੋਵੇ।' ਸੋ ਓਅੰਕਾਰ ਪ੍ਰਭੂ ਦਾ ਬੋਧਿਕ ਹੈ ਜੋ ਇੱਕ ਰਸ ਵਿਆਪਕ ਹੈ।

ਓਅੰਕਾਰ ਬ੍ਰਹਿਮੰਡ ਦੀ ਪ੍ਰਥਮ ਧੁਨੀ ਦਾ ਵੀ ਵਾਚਕ ਹੈ। ਨਿਰੰਕਾਰ ਨੇ ਇਸੇ ਧੁਨੀ ਦੁਆਰਾ ਸ੍ਰਿਸ਼ਟੀ ਦੀ ਰਚਨਾ ਕੀਤੀ :

*ਪ੍ਰਿਥਮ ਕਾਲ ਜਬ ਕਰਾ ਪਸਾਰਾ, ਓਅੰਕਾਰ ਤੇ ਸ੍ਰਿਸਟਿ ਉਪਾਰਾ।।* (ਬਚਿਤ੍ਰ ਨਾਟਕ)

ਗੁਰਮਤਿ ਵਿੱਚ ਇਸ ਸ਼ਬਦ ਨਾਲ 'ਏਕੋ' ਦਾ ਅੰਕ, ਪਰਮ ਸਤਾ ਦੀ ਅਦ੍ਵੈਤ ਹੋਂਦ ਦਾ ਲਖਾਇਕ ਹੈ :

*ਓਅੰਕਾਰ ਏਕੋ ਰਵਿ ਰਹਿਆ।* (ਕਾਨੜਾ ਮ: ੪)

ਗੁਰਬਾਣੀ ਵਿੱਚ ਓਅੰਕਾਰ ਨੂੰ ਪਰਮ ਸਤਾ ਦਾ ਵਾਚਕ ਮੰਨ ਕੇ ਉਸ ਤੋਂ ਸ੍ਰਿਸ਼ਟੀ ਦੀ ਰਚਨਾ ਮੰਨੀ ਗਈ ਹੈ। ਉਹੋ ਸਭ ਸ੍ਰਿਸ਼ਟੀ ਵਿੱਚ ਰਵਿ ਰਿਹਾ ਹੈ :

*ਓਅੰਕਾਰਿ ਸਭ ਸ੍ਰਿਸਟੀ ਉਪਾਈ।* (ਮਾਰੂ ਸੋਹਲੇ ਮ: ੩)

ਓਅੰਕਾਰ ਨੂੰ 'ਪ੍ਰਣਵ' ਅੱਖਰ ਕਹਿੰਦੇ ਹਨ :

*ਪ੍ਰਣਵੋ ਆਦਿ ਏਕੰਕਾਰਾ।* (ਅਕਾਲ ਉਸਤਤ)

ਇੱਕ ਓਅੰਕਾਰ ਗੁਰਮਤਿ ਵਿੱਚ ਸਾਰ ਤਤ੍ਵ ਹੈ। ਇਸ ਨੂੰ ਆਦਿ ਗ੍ਰੰਥ ਅਤੇ ਮੂਲ ਮੰਤ੍ਰ ਦੇ ਮੁੱਢ ਵਿੱਚ ਰੱਖਿਆ ਗਿਆ ਹੈ, ਬਾਕੀ ਸਾਰੀ ਬਾਣੀ ਇਸੇ ਦੀ ਭਾਵੁਕ ਅਤੇ ਬੌਧਿਕ ਵਿਆਖਿਆ ਹੈ। ਸਿੱਖ ਪੂਜਾ ਪਾਠ, ਸਿਮਰਣ, ਜਾਪ ਅਤੇ ਪ੍ਰਾਰਥਨਾ ਕਰਨ ਤੋਂ ਪਹਿਲਾਂ ੧ ਓਅੰਕਾਰ ਦੀ ਰਹੱਸਮਈ ਧੁਨੀ ਦਾ ਉੱਚਾਰਨ ਕਰਦੇ ਹਨ।

ਭਗਵਤ ਗੀਤਾ ਵਿੱਚ ਓਅੰਕਾਰ ਨੂੰ ਏਕਾਖਸ਼ਰ ਬ੍ਰਹਮ ਕਿਹਾ ਗਿਆ ਹੈ। ਮੰਡੂਕ ਉਪਨਿਸ਼ਦ ਵਿੱਚ ਇਸ ਨੂੰ ਭੂਤ, ਵਰਤਮਾਨ ਦੇ ਭਵਿੱਖ ਅਥਵਾ ਤ੍ਰੈਕਾਲ ਸਤਿ ਮੰਨਿਆ ਗਿਆ ਹੈ। ਕਠ ਉਪਨਿਸ਼ਦ ਅਨੁਸਾਰ ਆਤਮਾ ਨੂੰ ਅਧਰ ਅਰਣੀ ਅਤੇ ਓਅੰਕਾਰ ਨੂੰ ਉਤਰ ਅਰਣੀ ਬਣਾ ਕੇ ਮੰਥਨ ਰੂਪ ਅਭਿਆਸ ਕਰਨ ਨਾਲ ਦਿਵਯ ਗਿਆਨ ਰੂਪ ਜੋਤੀ ਦਾ ਪ੍ਰਕਾਸ਼ ਹੁੰਦਾ ਹੈ। *(ਹਿੰਦੀ ਵਿਸ਼ਵ ਕੋਸ਼ 2, 248)*

ਲੋਕਧਾਰਾ ਅਨੁਸਾਰ ਇੱਕ ਓਅੰਕਾਰ ਸਭ ਰੋਗਾਂ ਦਾ ਨਿਵਾਰਣ ਕਰਦਾ ਹੈ। ਕਈ ਸਿੱਖ ੧ ਓ ਜਾਂ ਪੂਰਾ ਮੂਲ ਮੰਤ੍ਰ ਕਿਸੇ ਪਰਚੀ ਉੱਤੇ ਲਿਖ ਕੇ ਤੇ ਪਾਣੀ ਵਿੱਚ ਘੋਲ ਕੇ ਰੋਗੀ ਨੂੰ ਪਿਲਾ ਦੇਂਦੇ ਹਨ; ਧਾਰਨਾ ਹੈ ਕਿ ਇਸ ਤਰ੍ਹਾਂ ਦੁਖ-ਪੀੜਾ ਘਟਦੀ ਤੇ ਰੋਗੀ ਛੇਤੀ ਨਾਵਾਂ ਨਰੋਆ ਹੋ ਜਾਂਦਾ ਹੈ। ਜਿਨ੍ਹਾਂ ਤੀਵੀਆਂ ਦੇ ਘਰ ਕਾਫੀ ਦੇਰ ਮਗਰੋਂ ਜਾਂ ਕਈ ਕੁੜੀਆਂ ਤੋਂ ਬਾਅਦ ਲੜਕਾ ਜੰਮਿਆ ਹੋਵੇ, ਉਹ ਬੱਚੇ ਦੀ ਬਦਰੂਹਾਂ ਤੋਂ ਰੱਖਿਆ ਲਈ ਉਸ ਦੇ ਚੋਲੇ ਉੱਤੇ ਧਾਗੇ ਨਾਲ ੧ ਓ ਉਲੀਕ ਦੇਂਦੀਆਂ ਹਨ।

2. ਹਿੰਦੂਆਂ ਦੇ ਪ੍ਰਸਿੱਧ ਅਠਾਹਠ ਤੀਰਥਾਂ ਵਿੱਚੋਂ ਇੱਕ ਤੀਰਥ ਜੋ ਮੱਧ ਭਾਰਤ ਦੇ ਜਿਲ੍ਹੇ ਨਿਮਾੜ ਵਿੱਚ ਨਰਬਦਾ ਦੇ ਨੇੜੇ ਸਥਿਤ ਹੈ। ਗੁਰੂ ਨਾਨਕ ਦੇਵ ਨੇ 'ਦੱਖਣੀ ਓਅੰਕਾਰ' ਦੀ ਰਚਨਾ ਇਸੇ ਸਥਾਨ ਉੱਤੇ ਕੀਤੀ ਸੀ।

3. ਬਾਰਾਂ ਮਹਾਂ ਲਿੰਗਾਂ ਵਿੱਚੋਂ ਇੱਕ ਦਾ ਨਾਂ ਵੀ ਓਅੰਕਾਰ ਹੈ।

*(ਪੁਸਤਕ 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼' ਵਿੱਚੋਂ ਧੰਨਵਾਦ ਸਹਿਤ)*

**PAGE SPONSORED BY : AHUJA FAMILY**

C-353, Defence Colony New Delhi 110 024 Phone: 011 - 4620485

# ਸਾਜ਼

## ਗਿਆਨੀ ਕੁੰਦਨ ਸਿੰਘ 'ਪਤੰਗ'

ਰਾਗ ਤੇ ਸਾਜ਼ ਦਾ ਗੂਹੜਾ ਸਬੰਧ ਹੈ। ਇਹਨਾਂ ਦੇ ਨਿਖੇੜਿਆਂ ਰਸ ਵਿੱਚ ਕੁੱਝ ਘਾਟ ਆ ਜਾਂਦੀ ਹੈ, ਇਹ ਦੋਵੇਂ ਇਕੱਠੇ ਹੁੰਦੇ ਹਨ ਤਾਂ ਸੋਨੇ ਤੇ ਸੁਹਾਗੇ ਦਾ ਰੰਗ ਬੱਝ ਜਾਂਦਾ ਹੈ। ਸਾਜ਼ ਨਾਲ ਰਾਗ ਨੂੰ ਚਾਰ ਚੰਨ ਲੱਗ ਜਾਂਦੇ ਹਨ। ਜੇ ਰਾਗ ਰਾਜਾ ਤਾਂ ਸਾਜ਼ ਵਜ਼ੀਰ ਹੈ। ਰਾਜਾ ਵਜ਼ੀਰ ਤੋਂ ਬਿਨਾਂ ਸੋਭਾ ਨਹੀਂ ਪਾਉਂਦਾ। ਜੇ ਰਾਗ ਜਿੰਦ ਹੈ ਤਾਂ ਸਾਜ਼ ਇਹਦੇ ਰਹਿਣ ਲਈ ਸਰੀਰ ਹੈ। ਸਾਜ਼ ਰਾਗ ਦਾ ਗਹਿਣਾ ਹੈ।

ਜਿਤਨਾ ਪੁਰਾਣਾ ਰਾਗ ਹੈ, ਉਤਨਾ ਹੀ ਸਾਜ਼ ਪੁਰਾਣਾ ਹੈ। ਜਦ ਰਾਗ ਗਾਇਨ ਕਰੀਦਾ ਹੈ, ਤਦ ਕੋਈ ਭੀ ਸਾਜ਼ ਕੋਲ ਨਾ ਹੋਵੇ ਤਾਂ ਹੱਥ ਆਪ-ਮੁਹਾਰੇ ਸਾਜ਼ ਦਾ ਕੰਮ ਦੇਂਦੇ ਹਨ। ਬਸ ਇਹੋ ਹੀ ਸਾਜ਼ ਦਾ ਜਨਮ ਹੈ। ਗਾਇਨ ਕਰਨ ਸਮੇਂ ਜੋ ਭੀ ਗਵੱਯੇ ਦੇ ਹੱਥ ਵਿੱਚ ਹੋਵੇ ਉਹੀ ਸਾਜ਼ ਬਣ ਜਾਂਦਾ ਹੈ।

ਜਿਵੇਂ ਜਿਵੇਂ ਰਾਗ ਦਾ ਰੰਗ ਰੂਪ ਬਦਲਦਾ ਗਿਆ, ਤਿਵੇਂ ਤਿਵੇਂ ਸਾਜ਼ ਭੀ ਆਪਣੀਆਂ ਕਿਸਮਾਂ ਪਲਟਦਾ ਆਇਆ ਹੈ। ਜਿੱਥੇ ਰਾਗ ਤੇ ਪੰਛੀ ਮੋਹਤ ਹੋ ਜਾਂਦੇ ਉੱਥੇ ਘੰਡਾ ਹੇੜੇ ਦਾ ਸਾਜ਼ ਸੁਣ ਕੇ ਮ੍ਰਿਗ ਆਪਣਾ ਆਪ ਭੁੱਲ ਜਾਂਦਾ ਹੈ ਤੇ ਸੱਪ ਬੀਨ ਤੇ ਕਾਇਲ ਹੋ ਜਾਂਦਾ ਹੈ।

ਅਕਾਲ ਪੁਰਖ ਦੀ ਦਰਗਹ ਵਿੱਚ ਵੀ ਸਾਜ਼ ਵਜਦੇ ਹਨ। ਜਿਵੇਂ, "ਤਾਰ ਘੋਰ ਬਾਜਿੰਤ੍ਰਾ ਤਹਿ ਸਾਚ ਤਖ਼ਤ ਸੁਲਤਾਨ" ਤੇ ਜਿਵੇਂ ਫਿਰ "ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ।" (ਜਪੁਜੀ ਸਾਹਿਬ)

ਰਾਗ ਤੇ ਸਾਜ਼ ਦੀ ਗੁਰਬਾਣੀ ਵਿੱਚ ਬੜੀ ਹੀ ਉਸਤਤੀ ਲਿਖੀ ਹੋਈ ਹੈ:

"ਰਾਗ ਨਾਦ ਸਭ ਸਚ ਹੈ ਕੀਮਤ ਕਹੀ ਨਾ ਜਾਇ॥"

(ਸਾਜ਼ ਕੋਮਲ ਕਲਾ ਹੈ) ਇੰਦਰ ਦੇ ਅਖਾੜੇ ਵਿੱਚ ਜਿੱਥੇ ਪਰੀਆਂ ਦੇ ਨਾਚ ਦਾ ਜ਼ਿਕਰ ਆਉਂਦਾ ਹੈ, ਉੱਥੇ ਦੇਵਤਿਆਂ ਦੇ ਰਾਗੀ ਗੰਧਰਬ ਆਦਿ ਭੀ ਸਣੇ ਸਾਜ਼ਾਂ ਦੇ ਦੱਸੇ ਹਨ, ਜਿਹਨਾਂ ਨੇ ਕਈ ਸਾਜ਼ਾਂ ਦੀਆਂ ਕਾਢਾਂ ਕੱਢੀਆਂ। ਕਈ ਸਾਜ਼ ਪੰਛੀਆਂ ਜਾਂ ਪਸ਼ੂਆਂ ਦੀ ਸ਼ਕਲ ਤੋਂ ਬਣੇ ਹਨ, ਜੈਸੇ 'ਤਾਊਸ', ਮੋਰ ਦੀ ਸ਼ਕਲ ਤੋਂ ਅਤੇ ਕਈ ਸਾਜ਼ਾਂ ਦੀਆਂ ਅਵਾਜ਼ਾਂ ਵੀ ਕਈ ਪੰਛੀਆਂ ਦੀਆਂ ਅਵਾਜ਼ਾਂ ਦੀ ਨਕਲ ਹਨ।

ਕਈ ਸਾਜ਼ ਸ਼ਿੰਗਾਰ ਰਸ ਪੈਦਾ ਕਰਦੇ ਹਨ ਤੇ ਕਈ ਵੀਰ ਰਸ ਉਪਜਾਉਂਦੇ ਹਨ। ਸਾਜ਼ ਵਜਾਉਣ ਨਾਲੋਂ ਸੁਰ ਕਰਨੇ ਕੁਝ ਕਠਨ ਹਨ, ਸਾਜ਼ ਜਦ ਸੁਰ ਹੋ ਜਾਂਦੇ ਹਨ ਤਾਂ ਸਰੋਤੇ ਨਾਲ ਹੀ ਸੁਰ ਹੋ ਕੇ ਝੂਮਣ ਲੱਗ ਜਾਂਦੇ ਹਨ। ਸਾਜ਼ ਵਜਾਉਣ ਵਾਲੇ ਦੇ ਵੀ ਬਹੁਤ ਕੁਝ ਵੱਸ ਹੁੰਦਾ ਹੈ ਜਿਵੇਂ ਮਰਜ਼ੀ ਹੈ ਵਜਾਵੇ- (ਜਿਓ ਜੰਤੀ ਕੇ ਵਸ ਜੰਤ ਹੈ) ਸਾਜ਼ਿੰਦਾ ਚੰਗੀ ਜਾਂ ਮੰਦੀ ਧੁਨ ਸਾਜ਼ 'ਚੋਂ ਪੈਦਾ ਕਰ ਸਕਦਾ ਹੈ।

ਕਈ ਸਾਜ਼ਾਂ ਨੂੰ ਧਾਰਮਿਕ ਹੋਣ ਦਾ ਮਾਣ ਪ੍ਰਾਪਤ ਹੈ। ਕਈ ਦੋਹੀਂ ਪਾਸੀਂ ਵਰਤੇ ਜਾਂਦੇ ਹਨ। ਕਈ ਸਾਜ਼ਾਂ ਨੂੰ ਮਜ਼੍ਹਬਾਂ ਦੀ ਰੰਗਤ ਦਿੱਤੀ ਹੋਈ ਹੈ। ਉਹ ਇੱਕ ਦੂਜੇ ਦੇ ਮੰਦਰ ਜਾਂ ਮਸਜਿਦ ਵਿੱਚ ਵਿਵਰਜਤ ਹਨ, ਜਿਵੇਂ ਕਿ ਸੰਖ, ਘੜਿਆਲ ਮਸੀਤ ਵਿੱਚ ਵਜਣੇ ਮਕਰੂਹ ਸਮਝੇ ਜਾਂਦੇ ਹਨ। ਇਸਲਾਮ ਵਿੱਚ ਰਾਗ ਨੂੰ ਚੰਗਾ ਨਹੀਂ ਸਮਝਿਆ ਜਾਂਦਾ ਅਤੇ ਇੱਥੇ ਸਾਜ਼ਾਂ ਨੂੰ ਭੀ ਕੋਈ ਥਾਂ ਨਹੀਂ। ਇਸੇ ਕਰ ਕੇ ਬਗਦਾਦ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ (ਰਾਗ ਅਲਾਪਣ ਕਰ ਕੇ) ਸੰਗਸਾਰ ਕਰਨ ਦਾ ਹੁਕਮ ਦਿੱਤਾ ਸੀ।

ਇੱਕ ਦਿਨ ਸਾਰੇ ਰਾਗੀਆਂ ਨੇ ਰਾਗ ਦੀ ਅਰਥੀ (ਫਰਜ਼ੀ) ਬਣਾ ਕੇ ਰੋਂਦੇ ਪਿੱਟਦੇ ਔਰੰਗਜ਼ੇਬ ਦੇ ਮਹੱਲ ਹੇਠ ਚਲੇ ਗਏ, ਸ਼ੋਰ ਸੁਣ ਕੇ ਬਾਦਸ਼ਾਹ ਨੇ ਮਹਿਲ ਵਿੱਚੋਂ ਵੇਖ ਕੇ ਆਖਿਆ ਕਿ ਕੌਣ ਮਰ ਗਿਆ ਹੈ? ਰਾਗੀਆਂ ਦੇ ਇਕੱਠ ਨੇ ਅੱਗੋਂ ਉੱਤਰ ਦਿੱਤਾ ਕਿ ਬਾਦਸ਼ਾਹ ਸਲਾਮਤ! ਰਾਗ ਮਰ ਗਿਆ ਹੈ। ਅਗੋਂ ਸੰਗ-ਦਿਲ ਬਾਦਸ਼ਾਹ ਨੇ ਆਖਿਆ ਕਿ ਚੰਗਾ ਹੋਇਆ ਰਾਗ ਮਰ ਗਿਆ- ਇਹਨੂੰ ਡੂੰਘਾ ਦਫ਼ਨਾਣਾ ਫਿਰ ਬਾਹਰ ਨਾ ਆ ਜਾਵੇ। ਸੋ ਉਸ ਵੇਲੇ ਸਾਜ਼ਾਂ ਦੀ ਕੋਈ ਕਦਰ ਨਾ ਰਹੀ।

ਜਿੱਥੇ ਇਸਲਾਮ ਵਿੱਚ ਰਾਗ ਨੂੰ ਥਾਂ ਨਹੀਂ, ਉੱਥੇ ਮਰਾਸੀਆਂ ਦੇ ਘਰ ਰਾਗ ਦਾ ਜਨਮ ਹੋਇਆ ਹੈ। ਮਰਾਸੀ ਰੋਂਦਾ ਵੀ ਰਾਗ ਵਿੱਚ ਹੈ। ਮਰਾਸੀ ਸਾਰੇ ਰਬਾਬੀ ਹੁੰਦੇ ਹਨ। ਕਈ ਸਾਜ਼ ਇਸਲਾਮੀ ਦੇਸ਼ਾਂ ਜਾਂ ਇਸਲਾਮੀ ਭਰਾਵਾਂ ਦੀ ਕਾਢ ਹਨ। ਜਿੱਥੇ ਰਾਗ ਹੈ ਉੱਥੇ ਸਾਜ਼ ਵੀ ਜ਼ਰੂਰੀ ਹਨ।

ਮੰਨੂੰ ਜੀ ਦੇ ਸਮੇਂ ਵਿੱਚ ਵੀ ਗਾਉਣ, ਨੱਚਣ ਤੇ ਸਾਜ਼ ਵਜਾਉਣ ਦੀ ਮਨਾਹੀ ਕਰ ਦਿੱਤੀ ਗਈ ਸੀ। ਗਾਉਣ ਵਾਲਿਆਂ ਨੂੰ ਸਮਾਜ ਵਿੱਚ ਹੀਣੇ ਤੇ ਘਟੀਆ ਸਮਝੇ ਜਾਣ ਲੱਗ ਪਿਆ ਸੀ।

ਪੁਰਾਣੇ ਸਮਿਆਂ ਵਿੱਚ ਜੋਗੀ ਸਿੰਙੀ (ਸਿੰਗੀ) ਵਜਾਉਂਦੇ ਸਨ:

*ਜੈਸੇ ਖੰਡ ਬ੍ਰਹਿਮੰਡ ਮਹਿ ਸਿੰਙੀ*
*ਮੇਰਾ ਬਟੂਆ ਸਭ ਜਗ ਭਸਮਾਂ ਧਾਰੀ॥*

ਜਾਂ ਫਿਰ:

*ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕ ਸੁਣੈ॥*

(ਗੁਰੂ ਗ੍ਰੰਥ ਸਾਹਿਬ, ਪੰਨਾ 877)

ਜਾਂ:

*ਜੋਗ ਨ ਸਿੰਙੀ ਵਾਈਐ॥*
*ਘਰ ਘਰ ਟੁਕਰ ਮੰਗਦੇ ਸਿੰਙੀ*
*ਨਾਦਿ ਵਜਾਇਨਿ ਭੇਲੇ।*

(ਭਾਈ ਗੁਰਦਾਸ ਜੀ)

*ਇਹ ਭਈ ਤੰਤੀ ਤੂਟਸਿ ਨਾਹੀ*
*ਅਨਹਦ ਕਿੰਗਰੀ ਬਾਜੀ॥*

(ਕਬੀਰ ਜੀ)

ਇਹ ਤਾਰਾਂ ਦੀ ਸਾਜ਼ ਹੈ। ਜੋਗੀ ਭੰਡਾਰਾ ਖੋਹਲਣ ਵੇਲੇ ਨਾਦ ਵਜਾਉਂਦੇ ਸਨ, ਜੇ ਨਾਦੁ ਨਾ ਵਜੇ ਤਾਂ ਭੰਡਾਰਾ ਨਹੀਂ ਸੀ ਵਰਤਦਾ।

ਜਿੱਥੇ ਸਾਜ਼ ਖੁਸ਼ੀਆਂ ਦੀਆਂ ਮਹਿਫਲਾਂ ਵਿੱਚ ਵਜਾਏ ਜਾਂਦੇ ਹਨ, ਉੱਥੇ ਜੰਗ ਜੁੱਧ ਸਮੇਂ ਵੀ ਵਜਾਏ ਜਾਂਦੇ ਹਨ। ਪਰ ਸਾਜ਼ ਅੱਡੋ ਅੱਡੀ ਦੇ ਹੁੰਦੇ ਹਨ। ਖੁਸ਼ੀ ਵੇਲੇ ਸ਼ਿੰਗਾਰ ਰਸ ਦੇ ਸਾਜ਼ ਵਜਾਏ ਜਾਂਦੇ ਹਨ, ਜੁੱਧ ਸਮੇਂ ਬੀਰ ਰਸ ਦੇ ਅਤੇ ਸੋਗ ਦੇ ਵਕਤ ਮਾਰੂ ਸਾਜ਼ ਵਜਾਏ ਜਾਂਦੇ ਹਨ। (ਜਿਵੇਂ ਕਿਸੇ ਨੇ ਕਿਹਾ ਹੈ, 'ਜਹਾਂ ਬਜਤੀ ਹੈ ਸ਼ਹਿਨਾਈਆਂ ਵਹਾਂ ਮਾਤਮ ਭੀ ਹੋਤੇ ਹੈਂ') ਫੌਜਾਂ ਦੀ ਚੜ੍ਹਾਈ ਸਮੇਂ ਨਗਾਰੇ ਤੇ ਦੂਹਰੀ ਚੋਟ ਲਾਈ ਜਾਂਦੀ ਹੈ। ਜਦ ਦੁਸ਼ਮਣ ਹਥਿਆਰ ਸੁੱਟ ਦੇਵੇ ਤਦ ਨਗਾਰੇ ਤੇ ਇਕਹਿਰੀ ਚੋਟ ਮਾਰੀ ਜਾਂਦੀ ਹੈ। ਇਹ ਫੌਜਾਂ ਦੀ ਵਾਪਸੀ ਦੀ ਪ੍ਰਤੀਕ ਹੁੰਦੀ ਹੈ।

ਮਹਾਂਭਾਰਤ ਦੇ ਯੁੱਧ ਵਿੱਚ ਵੀ ਸਾਜ਼ ਵਜਾਏ ਜਾਂਦੇ ਸਨ। ਗੁਰਮਤਿ ਵਿੱਚ ਮੁਢ ਤੋਂ ਹੀ ਸਾਜ਼ ਵਜਦੇ ਹਨ। ਜਿਸ ਤਰ੍ਹਾਂ ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਹਨ। ਇਸ ਤਰ੍ਹਾਂ ਸਿੱਖ ਧਰਮ ਵਿੱਚ ਸਾਜ਼ ਵੀ ਉਹਨਾਂ ਨੇ ਦਾਖਲ ਕੀਤੇ ਹਨ। ਅਕਾਲ ਪੁਰਖ ਦੇ ਸਨਮੁਖ ਹੋ ਕੇ ਉਚਾਰਨ ਕਰਦੇ ਹਨ:

*ਵਾਜੇ ਤੇਰੇ ਨਾਦ ਅਨੇਕ ਅਸੰਖਾ,*
*ਕੇਤੇ ਤੇਰੇ ਵਾਵਣਹਾਰੇ॥*

ਰਬਾਬ ਨਾਮਕ ਦਾ ਸਾਜ਼ ਉਹਨਾਂ ਨੇ 'ਮਰਦਾਨਾ ਜੀ' ਨੂੰ ਬਖਸ਼ਿਆ- ਜਨਮ ਸਾਖੀ ਵਿੱਚ ਲਿਖਿਆ ਹੈ ਕਿ 'ਸ੍ਰੀ ਗੁਰੂ ਨਾਨਕ ਦੇਵ ਜੀ' ਨੂੰ ਤਲਵੰਡੀਓਂ ਮਿੱਤਰ ਮਿਲਣ ਆਏ ਤਾਂ ਸਭ ਤੋ ਪਹਿਲਾਂ ਮਰਦਾਨਾ ਆਇਆ, ਉਸ ਨੇ ਗੁਰੂ ਜੀ ਪਾਸੋਂ ਜਦ ਵਿਆਹ ਦੀ ਖੁਸ਼ੀ ਵਿੱਚ ਕੋਈ ਤੋਹਫਾ ਮੰਗਿਆ ਤਾਂ ਗੁਰੂ ਜੀ ਨੇ ਉਸ ਨੂੰ ਰਾਗ ਦਿੱਤਾ, ਪਰ ਕੋਈ ਲਿਖਦਾ ਹੈ ਕਿ ਰਬਾਬ ਦਿੱਤੀ।

ਪੁਰਾਣੇ ਸਮੇਂ ਸਾਰੇ ਸਾਜ਼ ਤਾਰਾਂ ਦੇ ਹੁੰਦੇ ਸਨ ਜਿਨ੍ਹਾਂ ਨੂੰ ਸੁਰ ਕਰਨਾ ਕਠਨ ਹੁੰਦਾ ਸੀ। ਇਸ ਲਈ ਸਾਜ਼ਾਂ ਦੀਆਂ ਕਾਢਾਂ ਅੱਗੋਂ ਤੋਂ ਅੱਗੋਂ ਸੁਖਾਲੀਆਂ ਨਿਕਲ ਆਈਆਂ "*ਕਬੀਰ ਜੋ ਹਮ ਸਾਜ ਬਜਾਵਤੇ ਟੂਟ ਗਈ ਸਭ ਤਾਰ*" (103)

ਕਈ ਥਾਂ ਗੁਰਬਾਣੀ ਵਿੱਚ 'ਅਨਹਦ ਸ਼ਬਦ' ਦੀ ਵਰਤੋਂ ਕੀਤੀ ਗਈ ਹੈ। ਪਰ ਉਹ 'ਅਨਹਦ ਸ਼ਬਦ' ਕੰਨਾਂ ਦਾ ਵਿਸ਼ਾ ਨਹੀਂ ਤੇ ਇਸ ਸੰਗੀਤ ਨਾਲ ਕੋਈ ਸਬੰਧ ਨਹੀਂ "*ਅਨਹਤਾ ਸ਼ਬਦ ਵਾਜੰਤ ਭੇਰੀ*"।

ਇਹ 'ਅਨਹਦ' ਸ਼ਬਦ 'ਅਨ੍ਹਾਹਤ ਸ਼ਬਦ' ਬਿਨਾਂ ਚੋਟ ਲਾਏ ਪੈਦਾ ਹੁੰਦਾ ਹੈ। ਯਥਾ: ਤਉ "*ਅਨਹਦ ਬੇਣ ਸਹਿਜ ਮਹਿ ਬਾਇ*" (ਗਉੜੀ ਕਬੀਰ ਜੀ)

ਆਹਤ: ਜੋ ਸ਼ਬਦ ਰਗੜ ਨਾਲ ਪੈਦਾ ਹੋਵੇ। ਮਹਾਨ (ਕੋਸ਼ 2545 ਪੰਨਾ) ਵਾਜ : ਸੰ : ਵਾਦਤ੍, ਐਸਾ ਸਾਜ਼ (ਯੰਤ) ਜੋ ਸੱਤ ਸਵਰ ਪੈਦਾ ਕਰੇ, ਅਥਵਾ ਤਾਲ ਵਾਸਤੇ ਧੁਨਿ ਕਰੇ ਸਰੰਦਾ ਰਬਾਬ ਮ੍ਰਿਦੰਗ ਆਦਿ "*ਬਾਜਾ ਮਾਣ ਤਾਣ ਤਜਿ ਤਾਨਾ*" ਸਾਜ਼ : ਵਾਜਾਵਾਦਤ (ਮਹਾਨ ਕੋਸ਼ ਪੰਨਾ 135)

ਗੁਰਬਾਣੀ ਵਿੱਚ ਸ਼ਬਦ (ਸਾਜ਼) ਪੰਜ ਪ੍ਰਕਾਰ ਦਾ ਲਿਖਿਆ ਹੈ, ਜੈਸੇ : "*ਪੰਚ ਸਬਦ ਧੁਨਿ ਅਨਹਦ ਵਾਜੇ*"।

ਉਹ ਪੰਚ (ਪੰਜ) ਸਾਜ਼ ਇਸ ਪ੍ਰਕਾਰ ਹਨ। ਦੋਹਿਰਾ:
ਤੱਤ ਤਾਂਤੀ, ਬਿਤ ਚਰਮਕਾ, ਘਨ, ਕਾਂਸੀ ਕੋ ਜਾਨ,
ਨਾਦ ਸ਼ਬਦ ਘਟ ਕੋ ਕਹਾ, ਸਖਰ ਸੁਰਖ ਪਛਾਨ।

ੳ) ਤੱਤ : ਤਾਰਾਂ ਨਾਲ ਵੱਜਣ ਵਾਲੇ ਸਾਜ਼ (ਯਥਾ) ਸਰੰਗੀਆਂ ਆਦਿ।

ਅ) ਬਿਤ : ਚੰਮ ਨਾਲ ਮੜ੍ਹੇ ਹੋਏ ਜਿਵੇਂ ਢੋਲ ਆਦਿ।

ੲ) ਕਾਂਸੀ : (ਕੈਂਹਾਂ) ਆਦਿ ਦੇ ਬਰਤਣ ਵਿੱਚੋਂ ਆਵਾਜ਼ ਪੈਦਾ ਹੋਣੀ। ਜਿਸ ਤਰ੍ਹਾਂ ਕਟੋਰੇ ਆਦਿ ਨੂੰ ਵਜਾਈਦਾ ਹੈ।

ਸ) **ਘਟ** : ਘੜੇ ਆਦਿ ਤੋਂ ਧੁਨਿ ਪੈਦਾ ਹੋਣੀ ਘੜੇ ਵਿੱਚ ਮੂੰਹ ਪਾ ਕੇ ਗਾਉਣਾ ਅਥਵਾ ਘੜੇ ਦੇ ਮੂੰਹ ਤੇ ਹੱਥ ਮਾਰ ਕੇ ਵਜਾਉਣਾ, ਹੱਥ ਦੇ ਪ੍ਰੈਸ਼ਰ ਨਾਲ ਸੁਰ ਕੱਢੀਦੀ ਹੈ।

ਹ) **ਸਖਰ** : ਫੂਕ ਨਾਲ ਵੱਜਣ ਵਾਲੇ ਸਾਜ਼, ਅਰਥਾਤ ਨੰਗੋਜੇ (ਅਲਗੋਜ਼ੇ) ਬੀਨ ਬੰਸਰੀ ਆਦਿ।

1. ਸਾਜ਼ : ਫਾ ਸਾਜ਼ ਵਿ: ਵਜਾਉਣ ਵਾਲਾ, ਰਚਣ ਵਾਲਾ, ਇਹ ਯੋਗਿਕ ਸ਼ਬਦਾਂ ਦੇ ਅੰਤ ਵਿੱਚ ਵਰਤੀ ਦਾ ਹੈ।

2. ਸੰਗਿਆ ਹਥਿਆਰ (ਸੰਦ)।

3. ਬਾਜਾ ਵਾਦਤ *"ਤਾਲ ਮ੍ਰਿਦੰਗ ਉਪੰਗ ਰਬਾਬ ਲੀਏ ਗੁਰ ਸਾਜ ਮਿਲਾਵੈ"* (ਚੰਡੀ ਚਰਿਤ੍ਰੀ) ਮਹਾਨ ਕੋਸ਼ ਪੰਨਾ 3260 ਤੇ ਲਿਖਿਆ ਹੈ ਕਿ, 'ਵਾਜਾ, ਸੰਗਤ, ਵਾਦਤ, ਸਾਜ਼, ਵਾਦਿਤ'। *"ਵਾਜਾ ਮਤਿ ਪਖਾਵਜ ਭਾਓ।"*

*ਸੰਗੀਤ ਵਿੱਚ ਛੇ ਪ੍ਰਕਾਰ ਦੇ ਵਾਜੇ ਹਨ :*

1. **ਏਕ ਹਸਤ** : ਜੋ ਇੱਕ ਹੱਥ ਨਾਲ ਵਜਾਇਆ ਜਾਵੇ, ਜਿਵੇਂ ਇਸਤ੍ਰੀਆਂ ਤਾਨ ਪੂਰਾ ਆਦਿ।

2. **ਦਵੈਹਸਤ** : ਜੋ ਦੋ ਹੱਥਾਂ ਨਾਲ ਵਜਾਈਏ, ਯਥਾ: ਮ੍ਰਿਦੰਗ ਤੇ ਪਖਾਵਜ ਆਦਿ।

3. **ਕੁਡਤਾ ਘਾਤ** : ਜੋ ਡੰਕੇ ਨਾਲ ਵਜੇ, ਜੈਸੇ ਢੋਲ ਤੇ ਨਗਾਰਾ ਆਦਿ।

4. **ਬਨੁਰ ਘਰਸ਼** : ਜੋ ਕਮਾਣ ਦੀ ਸ਼ਕਲ ਦੇ ਵਾਲਾਂ ਦੇ ਗਜ ਨਾਲ ਰਗੜਨ ਤੇ ਵੱਜਣ, ਅਰਥਾਤ : ਸਾਰੰਗੀ, ਸਾਰੰਦਾ ਤੇ ਤਾਊਸ ਆਦਿ।

5. **ਹੁਤਕਾਰ** : ਜੋ ਮੂੰਹ ਦੀ ਫੂਕ ਨਾਲ ਵਜਾਇਆ ਜਾਵੇ ਜਿਸ ਤਰ੍ਹਾਂ- ਨਫੀਰੀ ਤੇ ਮੁਰਲੀ ਆਦਿ।

6. **ਬਹੁ ਰੰਗੀਕ** : ਜੋ ਪ੍ਰਸਪਰ ਤਾੜਨ ਤੋਂ ਵੱਜਣ, ਜਿਵੇਂ ਝਾਂਝ ਤੇ ਖੜਤਾਲਾਂ ਆਦਿ। ਨਾਦ : ਸੋ ਸੰਗਤਾ, ਸ਼ਬਦ ਧੁਨਿ। ਵਿਦਵਾਨਾਂ ਨੇ ਦੋ ਮੁੱਖ ਭੇਦ ਮੰਨੇ ਹਨ। ਇੱਕ ਧੁਨੀ ਰੂਪ ਜੈਸੇ ਘੰਟੇ, ਨਗਾਰੇ ਆਦਿ ਦਾ ਸ਼ਬਦ ਦੂਜਾ ਵਰਣ ਰੂਪ : ਮਨੁੱਖਾਂ ਦੀ ਬੋਲੀ। ਕਈਆਂ ਨੇ ਤਿੰਨ ਭੇਦ ਥਾਪੇ ਹਨ। ਪਹਿਲਾ : ਪ੍ਰਾਣੀ ਭਾਵ ਜੋ ਜਾਨਦਾਰ ਜੀਵਾਂ ਤੋਂ ਪੈਦਾ ਹੋਵੇ। ਦੂਜਾ ਆਪਣੀ ਭੱਵ ਜੋ ਬੇਜਾਨ ਵਸਤੂਆਂ ਤੋਂ ਪੈਦਾ ਹੋਵੇ। ਜੈਸੇ ਵੀਣਾ ਆਦਿ ਦੀ ਧੁਨੀ। ਤੀਜਾ : ਉਭਤ ਸੰਭਵ, ਜੈਸੇ ਬੰਸਰੀ ਨਫੀਰੀ ਤੇ ਸੰਖ ਆਦਿ। (ਮਹਾਨ ਕੋਸ਼, ਪੰਨਾ 2069 ਪੁਰਾਣੀ ਐਡੀਸ਼ਨ)।

ਗਾਇਨ, ਵਾਦਨ ਅਤੇ ਨ੍ਰਿਤਤ ਦੇ ਇਕੱਠ ਨੂੰ ਸੰਗੀਤ ਆਖਦੇ ਹਨ। ਗਾਉਣ ਦੇ ਅਧੀਨ ਵਾਦਾਨ ਤੇ ਵਾਦਨ ਦੇ ਅਧੀਨ ਨਿਤ੍ਰਤਸ ਹੈ (ਗੀਤ ਵਾਦਜ ਤਥਾ ਨਿਰਤੰਤ ਤ੍ਰਿਜਾ ਸੰਗੀਤ ਸਮੁੱਚ ਤੇ)।

ਗਉਣ ਵਿੱਚ ਸਾਹਿਤਯ, ਸਵਰ, ਤਾਲ ਤੇ ਰਸ ਚਾਰ ਭੇਦ ਹਨ। ਇਹਨਾਂ ਦੇ ਮੇਲ ਤੋਂ ਗਾਉਣ ਦੀ ਕ੍ਰਿਆ ਚੱਲੀ ਹੈ। ਨਾਦ-ਪ੍ਰਾਣ। ਦਕਾਰ-ਅਗਨੀ। 'ਨ', 'ਦ' ਇਹਨਾਂ ਦੋ ਵਰਣਾਂ (ਅੱਖਰਾਂ) ਤੋਂ ਨਾਦ ਸ਼ਬਦ ਬਣਿਆ ਹੈ। ਜੋ ਅਵਾਜ਼ (ਧੁਨੀ) ਉਠ ਕੇ ਘੁੰਮਦੀ ਹੋਈ ਹਿਰਦੇ ਵਿੱਚੋਂ ਹੋ ਕੇ ਗਲੇ ਵਿੱਚ ਤੇ ਫਿਰ ਮੂੰਹ ਵਿਚੋਂ ਬਾਹਰ ਆਵੇ। ਨਾਦ ਦੋ ਪ੍ਰਕਾਰ ਦਾ ਹੁੰਦਾ ਹੈ:

ਪਹਿਲਾ : ਕਰਕਸ (ਕੁਰੱਖਤ) ਅਥਵਾ ਕਠੋਰ ਨਾਦ। ਜੈਸੇ ਬੱਦਲ ਬੰਦੂਕ ਤੇ ਕਾਉਂ ਦੀ ਆਵਾਜ਼।

ਦੂਜਾ : ਮਧੁਰ ਨਾਦ, ਜਿਵੇਂ ਕੋਇਲ ਤੇ ਮੋਰ ਆਦਿ ਦੀ ਅਵਾਜ਼।

*ਅੱਗੇ ਇਸ ਦੇ ਤਿੰਨ ਭੇਦ ਹੋ ਜਾਂਦੇ ਹਨ :*

1. **ਰੂਪ ਭੇਦ** : ਨਾਦ ਦਾ ਵੱਡਾ ਛੋਟਾ ਹੋਣਾ, ਦੂਰ ਜਾਂ ਨੇੜੇ ਹੋਣਾ।

2. **ਜਾਤੀ ਭੇਦ** : ਨਾਦ ਦੀ ਜਾਤੀ ਜਾਂ ਗੁਣ। ਬਿਨਾਂ ਦੇਖੇ ਕੰਨਾਂ ਨਾਲ ਪਛਾਣ ਕਰਨੀ।

3. **ਸਥਾਨ ਭੇਦ** : ਨਾਦ ਦੀ ਉਚ ਨੀਚਤਾ। ਉੱਚੀ ਜਾਂ ਨੀਵੀਂ ਥਾਂ ਤੋਂ ਪੈਦਾ ਹੋਈ।

ਸੰਗੀਤ ਵਿੱਦਿਆ ਦੀ ਉਤਪਤੀ, ਸ਼ਿਵ ਜੀ ਤਾਂ ਪਾਰਵਤੀ ਤੋਂ ਉਤਪਤੀ ਦੱਸਦੇ ਹਨ। ਪਰ ਗੁਰਮਤਿ ਨਹੀਂ ਮੰਨਦੀ।

ਲਲਤ ਕਲਾ ਵਿੱਚੋਂ ਉੱਤਮ ਕਲਾ ਆਦਿ ਵਿੱਦਿਆ ਅਰਥਾਤ ਸੰਗੀਤ ਕਲਾ ਹੈ। 64 ਕਲਾ ਵਿੱਚ ਸੰਗੀਤ ਕਲਾ ਨੂੰ ਮਾਨਸਿਕ ਤੇ ਸਰੀਰਕ ਰੋਗ਼ ਦੂਰ ਕਰਨ ਲਈ ਭੀ ਵਰਤਦੇ ਹਨ।

'ਯਾਗ ਵੱਲਕ' ਰਿਖੀ ਨੇ ਕਿਹਾ ਹੈ ਕਿ ਸੰਗੀਤ ਵਿੱਦਿਆ ਰਾਹੀਂ ਚਾਰ ਮਨੋਰਥ (ਧਰਮ, ਅਰਥ, ਕਾਮ ਤੇ ਮੋਖ) ਪੂਰੇ ਹੁੰਦੇ ਹਨ।

ਸੰਗੀਤ ਵਿੱਦਿਆ ਦੇ ਦੋ ਭੇਦ ਹੁੰਦੇ ਹਨ : ਮਾਰਗੀ ਤੇ ਦੇਸੀ।

ਮਾਰਗੀ : ਦੇਵ ਲੋਕ ਵਿੱਚ।

ਦੇਸੀ : ਮਾਤ ਲੋਕ ਵਿੱਚ।

ਸਾਜ਼ਾਂ ਦਾ ਕੋਈ ਅੰਤ ਨਹੀਂ, ਪ੍ਰੰਤੂ ਇੱਥੇ ਕੁਝ ਕੁ ਸਾਜ਼ਾਂ ਦੀ ਜਾਣ ਪਛਾਣ ਕਰਾਈ ਜਾ ਰਹੀ ਹੈ।

1 **ਰਬਾਬ** : ਕਈ ਇਸ ਨੂੰ 'ਅਰਸਤੂ' ਦੀ ਕਾਢ ਦੱਸਦੇ ਹਨ ਤੇ ਕਈ ਇਸ ਨੂੰ ਤ੍ਰੇਤੇ ਯੁੱਗ ਵਿੱਚ ਰਾਵਣ ਦੀ ਕਾਢ (ਈਜ਼ਾਦ) ਕਹਿੰਦੇ ਹਨ। ਕਿਉਂਕਿ ਪੁਰਾਣੇ ਗ੍ਰੰਥਾਂ ਵਿੱਚ ਇਸ ਦਾ ਨਾਮ 'ਰਾਵਣ ਵੀਣਾ' ਲਿਖਿਆ ਹੋਇਆ ਮਿਲਦਾ ਹੈ।

ਇਸ ਦੀਆਂ ਚਾਰ ਤਾਰਾਂ ਹੁੰਦੀਆਂ ਹਨ ਤੇ ਸੱਤ ਤਰਬੀਨਾਂ ਹੁੰਦੀਆਂ ਹਨ। ਮਹਾਨ ਕੋਸ਼ ਦੇ ਪੰਨੇ 3091 ਤੇ ਲਿਖਿਆ ਹੈ ਕਿ ਰਬਾਬ : ਸੰਗਯਾ, ਤਾਰ ਅਤੇ ਤੰਦ ਦਾ ਇੱਕ ਵਾਜਾ, ਜੋ ਭਾਈ ਮਰਦਾਨੇ ਦਾ ਪਿਆਰਾ ਸਾਜ਼ ਸੀ।

*ਇਸ ਦੇ ਦੋ ਭੇਦ ਹਨ :*

ਇੱਕ : ਨਿਬੱਧ : ਜੋ ਤੰਦਾਂ ਤੇ ਬੰਦ ਸੁਰਾਂ ਦੇ ਚਿੰਨ੍ਹਾਂ ਲਈ ਬੱਧੇ ਹੋਣ।

ਦੂਜਾ : ਅਨਿਬਧ : ਜਿਸ ਦੇ ਬੰਦ ਨਾ ਹੋਣ। ਗੁਰਬਾਣੀ ਤੇ 'ਭਾਈ ਗੁਰਦਾਸ' ਜੀ ਦੀਆਂ ਵਾਰਾਂ ਵਿੱਚ ਇਸ ਦਾ ਕਈ ਵਾਰ ਜ਼ਿਕਰ ਕੀਤਾ ਹੈ। *"ਤੁੱਟੀ ਤੰਤ ਨ ਬਜੈ ਰਬਾਬ" "ਰਬਾਬ ਪਖਾਵਜ ਤਾਲ ਘੁੰਗਰੂ ਅਨਹਦ ਸਬਦ ਵਜਾਵੈ"* (ਆਸਾ ਮਹਲਾ ੪) *"ਚੰਗੇ ਰੁਖ (ਤੁਣ ਦਾ ਰੁਖ) ਵਢਾਏ ਰਬਾਬ ਘੜਾਇਆ"* (ਵਾਰ ੧੪) *"ਵਜਨਿ ਰਾਗ ਰਬਾਬ ਵਿੱਚ ਕੰਨ ਮਰੋੜੀ ਫਿਰ ਫਿਰ ਫੜਿਆ"* (ਵਾਰ ੩੨ ਪਉੜੀ ੧੩)

2. **ਸਰੰਦਾ** : ਮਹਾਨ ਕੋਸ਼ ਦੇ ਪੰਨਾ 511 ਤੇ ਲਿਖਿਆ ਹੈ ਕਿ ਉੱਤਮ ਸੁਰ ਦੇਣ ਵਾਲਾ, ਤਾਰਦਾਰ ਸਾਜ਼ ਹੈ, ਜੋ ਗਜ਼ ਨਾਲ ਵਜਾਈਦਾ ਹੈ।

ਇਹ ਬਹੁਤ ਸੁਰੀਲੀ ਆਵਾਜ਼ ਵਾਲਾ ਸਾਜ਼ ਹੈ, ਸਰੰਗੀ ਦੀ ਤਰ੍ਹਾਂ ਵਜਾਇਆ ਜਾਂਦਾ ਹੈ। ਕਈ ਇਸ ਨੂੰ ਸ੍ਰੀ ਗੁਰੂ ਅਮਰ ਦਾਸ ਜੀ (ਤੀਜੇ ਗੁਰੂ) ਦੀ ਕਾਢ ਦੱਸਦੇ ਹਨ। ਕਈ ਕਹਿੰਦੇ ਹਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਤਜਵੀਜ਼ ਅਨੁਸਾਰ ਸਿੱਖ ਰਾਗੀਆਂ ਨੂੰ ਬਖਸ਼ਿਆ ਤੇ ਵਜਾਉਣਾ ਸਿਖਾਇਆ।

ਸ: ਜੱਸਾ ਸਿੰਘ ਜੀ 'ਆਹਲੂਵਾਲੀਆ' ਆਪਣੀ ਮਾਤਾ ਜੀ ਦੇ ਨਾਲ, 'ਮਾਤਾ ਸੁੰਦਰੀ ਜੀ' ਦੀ ਹਜ਼ੂਰੀ ਵਿੱਚ ਦਿੱਲੀ ਵਿਖੇ ਸਰੰਦੇ ਨਾਲ ਕੀਰਤਨ ਕਰਦੇ ਹੁੰਦੇ ਸਨ।

3. **ਤੰਬੂਰਾ** : ਤਾਨਪੁਰਾ ਇਸ ਨੂੰ 'ਇੰਦਰ ਦੇਵਤੇ' ਦੇ ਦਰਬਾਰੀ 'ਰਾਗੀ ਤੰਬੂਰ' ਦੀ ਕਾਢ ਦੱਸਦੇ ਹਨ, ਜਿਸ ਕਰਕੇ ਇਸ ਨੂੰ ਤੰਬੂਰ ਵੀਣਾ ਵੀ ਆਖਦੇ ਹਨ। ਪਹਿਲੀਆਂ ਕਾਢਾਂ ਵਿੱਚੋਂ ਪੰਜ ਹਜ਼ਾਰ ਸਾਲ ਪੁਰਾਣਾ ਇਹ ਸਾਜ਼ ਹੈ।

ਤੰਬੂਰਾ : ਸੰ : ਤੰਬੂਰ ਵੀਣਾ, ਸੰਗਯਾ ਤਾਨਪੁਰਾ ਤੰਬੂਰ ਦੀ ਰਚੀ ਹੋਈ ਵੀਣਾ ਜਿਸ ਦੇ (4) ਤਾਰ ਹੁੰਦੇ ਹਨ। ਤੂੰਬੇ ਨੂੰ ਡੰਡੀ ਲਾ ਕੇ ਇਹ ਸਾਜ਼ ਬਣਦਾ ਹੈ।

ਤੰਬੂਰਾ- ਰ: ਅਥਵਾ ਤੰਬੂਰ, ਸੰਗਯਾ, ਛੋਟਾ ਢੋਲ (ਮਹਾਨ ਕੋਸ਼ ਪੰਨਾ 1810) ਇਸ ਦੀਆਂ ਚਾਰ ਤਾਰਾਂ ਚੋਂ ਵਿਚਲੀਆਂ ਦੋ ਤਾਰਾਂ ਗਾਉਣ ਵਾਲੇ ਦੀ ਬੁਨਿਆਦੀ ਸੁਰ ਭਾਵ ਸ਼ਡਜ ਨਾਲ ਮਿਲਾਈਆਂ ਜਾਂਦੀਆਂ ਹਨ, ਇਹਨਾਂ ਨੂੰ ਜੋੜਾ ਆਖਦੇ ਹਨ। ਚੌਥੀ ਤਾਰ ਵੀ ਮੰਦਰ ਸਪਤਕ ਦੇ ਇਸੇ ਸੁਰ ਨਾਲ ਮਿਲਾਈ ਜਾਂਦੀ ਹੈ। ਇਸ ਦਾ ਨਾਮ 'ਖਰਜ਼' ਹੈ।

ਇਸ ਦੀਆਂ ਚਾਰੇ ਤਾਰਾਂ ਵਾਰੀ ਵਾਰੀ ਛੇੜੀਆਂ ਜਾਂਦੀਆਂ ਹਨ। ਸਿਰਫ ਸੁਰ ਨੂੰ ਕਾਇਮ ਰੱਖਣ ਵਾਸਤੇ ਤੰਬੂਰਾ ਛੇੜਿਆ ਜਾਂਦਾ ਹੈ।

ਇਸ ਦੀਆਂ ਚਾਰ ਤਾਰਾਂ 'ਚੋਂ ਤਿੰਨ ਫ਼ੌਲਾਦ (ਸਟੀਲ) ਦੀਆਂ ਤੇ ਇੱਕ ਪਿੱਤਲ ਦੀ, ਕਈ ਵਾਰ ਦੋ ਪਿੱਤਲ ਦੀਆਂ ਹੁੰਦੀਆਂ ਹਨ। ਇੱਕ ਮੋਟੀ ਤੇ ਇੱਕ ਬਰੀਕ ਤੇ ਦੋ ਸਟੀਲ ਦੀਆਂ ਹੁੰਦੀਆਂ ਹਨ।

4. **ਸਿਤਾਰ** : ਇਹ ਹਜ਼ਰਤ 'ਅਮੀਰ ਖੁਸਰੋ' ਦੀ ਈਜ਼ਾਦ ਹੈ। ਬੀਨ ਦੀ ਸੌਖੀ ਸ਼ਕਲ ਸਿਤਾਰ ਹੈ। ਇਸ ਦੀਆਂ ਪਹਿਲੀਆਂ ਤਿੰਨ ਤਾਰਾਂ ਤੇ ਇੱਕ ਤੂੰਬਾ ਹੁੰਦਾ ਹੈ। ਇਸ ਦੀਆਂ ਸੱਤ ਤਾਰਾਂ ਵੀ ਹੁੰਦੀਆਂ ਹਨ, ਕੁਝ ਛੋਟੀਆਂ ਤੇ ਕੁਝ ਵੱਡੀਆਂ।

5. **ਬੀਨ** : ਇਹ ਭਾਰਤ ਦੇ ਮੁੱਢਲੇ ਸਾਜ਼ਾਂ ਵਿੱਚੋਂ ਹੈ। ਕਹਿੰਦੇ ਹਨ ਕਿ 'ਮਹਾਂਦੇਵ' ਨੇ ਪਾਰਬਤੀ ਦੀ ਇੱਛਾ ਤੋਂ ਪ੍ਰਭਾਵਤ ਹੋ ਕੇ ਇਹ ਸਾਜ਼ ਬਣਾਇਆ ਸੀ। ਇਸ ਦੀਆਂ ਥੋੜੇ ਥੋੜੇ ਫ਼ਰਕ ਨਾਲ ਕਈ ਸ਼ਕਲਾਂ ਬਣਾਈਆਂ ਗਈਆਂ ਹਨ, ਪਰ ਚਾਰ ਸ਼ਕਲਾਂ ਉੱਘੀਆਂ ਹਨ।

1. ਰੁਦ੍ਰ ਬੀਨਾਂ 2. ਨਾਰਦ ਬੀਨਾਂ 3. ਸੁਸਤੀ ਬੀਨਾਂ 4. ਬੱਚਿਤ੍ਰ ਬੀਨਾਂ (ਇਹ ਪਟਿਆਲੇ ਵਾਲੇ 'ਅਬਦੁਲ ਅਜ਼ੀਜ਼' ਦੀ ਕਾਢ ਹੈ) ਇਸ ਨੂੰ ਵਟਾ ਬੀਨ ਵੀ ਆਖਦੇ ਹਨ। ਸੰਗੀਤਕਾਰਾਂ ਦਾ ਕਹਿਣਾ ਹੈ ਕਿ ਇਹ ਦਸਾਂ ਉਂਗਲਾਂ ਨਾਲ ਵਜਦੀ ਹੈ। ਇਸ ਦੀਆਂ 8 ਤਾਰਾਂ ਤੋਂ

ਲੈ ਕੇ 29 ਤਾਰਾਂ ਹੁੰਦੀਆਂ ਹਨ। ਇਹ ਸਭ ਤੋਂ ਔਖਾ ਸਾਜ਼ ਹੈ। ਕਈ ਆਖਦੇ ਕਿ ਇਹ 'ਜ਼ਮਾਨਾ ਹਾਲੀ' ਦੀ ਈਜ਼ਾਦ ਹੈ।

ਬੀਨ : ਇੱਕ ਜੋਗੀਆਂ ਕੋਲ ਹੁੰਦੀ ਹੈ, ਜੋ ਮੂੰਹ ਨਾਲ ਵਜਾਈ ਜਾਂਦੀ ਹੈ। ਇਹ ਤੂੰਬੇ (ਅੱਲ) ਦੀ ਬਣਦੀ ਹੈ। ਇਸ ਦੇ ਥੱਲੇ ਦੋ ਪੋਲੀਆਂ ਪੋਰੀਆਂ ਲਾ ਕੇ ਬੰਸਰੀ ਦੀ ਤਰ੍ਹਾਂ ਛੇਕ ਕੱਢ ਕੇ ਸੁਰਾਂ ਦਾ ਕੰਮ ਲਿਆ ਜਾਂਦਾ ਹੈ। ਜਿਸ ਤੇ ਅੱਠ ਉਂਗਲਾਂ ਕੰਮ ਕਰਦੀਆਂ ਹਨ। ਸੱਪ ਇਸ ਤੇ ਮਸਤ ਹੋ ਜਾਂਦਾ ਹੈ। *"ਮਨੁ ਪਵਨ ਦੁਇ ਤੂੰਬਾ ਕਰੀਐ, ਜੁਗ ਜੁਗ ਸਾਰਦ (ਡੰਡੀ) ਸਾਜੀ।" "ਥਿਰ ਭਈ ਤੰਤੀ (ਤਾਰ) ਤੂਟਸਿ ਨਾਹੀ ਅਨਹਦ ਕਿੰਗਰੀ (ਵੀਣਾ) ਬਾਜੀ।"* (ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਕਬੀਰ ਜੀ ਪੰਨਾ 335)

ਮਹਾਨ ਕੋਸ਼ ਦੇ ਪੰਨਾ (ਪੁਰਾਣੀ ਐਡੀਸ਼ਨ) 2927 ਤੇ *"ਬੀਨਾ ਸ਼ਬਦ ਬਜਾਵੈ ਜੋਗੀ।"*

6. **ਬੇਨ** : ਸੰਸਕ੍ਰਿਤ, ਵੇਣ ਸੰਗਯਾ, ਬਾਂਸ ਦੀ ਬੰਸਰੀ, ਮੁਰਲੀ *"ਬੈਨ ਬਜਾਵੈ ਮੋਧਨ ਚਰੈ।"*

7. **ਵੀਣਾ** : ਤਾਰਾ ਦਾ ਵਾਜਾ, ਜਿਸ ਦੀਆਂ ਅਨੇਕ ਸ਼ਕਲਾਂ ਹਨ। ਵਿਸ਼ੇਸ਼ ਕਰਕੇ ਵੀਣਾ ਤੂੰਬੇ ਅਤੇ ਪੋਲੇ ਕਾਠ ਦੀ ਡੰਡੀ ਨਾਲ ਬਣਾਈ ਜਾਂਦੀ ਹੈ। ਡੰਡੀ ਤੇ ਸੁਰਾਂ ਦੇ ਭੇਦ ਕਰਨ ਲਈ ਸੁੰਦਰੀਆਂ ਲੱਗੀਆਂ ਹੁੰਦੀਆਂ ਹਨ। ਸੰਗੀਤ ਵਿੱਚ ਇਸ ਦੇ ਛੇ ਭੇਦ ਹੁੰਦੇ ਹਨ।

1) ਨਕਲੀ : ਦੋ ਤਾਰ ਦੀ, ਦੁਤਾਰਾ।
2) ਤ੍ਰਿਤੰਤੀ : ਤਿੰਨ ਤਾਰ ਦੀ ਸਿ-ਤਾਰ (ਸਿਤਾਰ)।
3) ਰਾਜਧਾਨੀ : ਚਾਰ ਤਾਰ ਦੀ, ਤੰਬੂਰਾ।
4) ਵਿਪੰਚੀ : ਪੰਜ ਤਾਰ ਦੀ 'ਮਧਯਨ' ਆਦਿ।
5) ਸ੍ਰਾਵਰੀ : ਛੇ ਤਾਰ ਦੀ।
6) ਪਰਿਵਾਦਿਨੀ : ਸੱਤ ਤਾਰ ਦੀ।

ਇਸ ਦੇ ਪਿਛਲੇ ਭੇਦ ਭੀ ਵੀਣਾ ਤੇ ਤਿੰਨ ਤਾਰ ਲੋਹੇ ਦੇ ਚਾਰ ਤਾਰ ਪਿੱਤਲ ਦੇ ਹੁੰਦੇ ਹਨ, ਡੰਡੀ ਦੇ ਦੋਹਾਂ ਸਿਰਿਆਂ ਤੇ ਤੂੰਬੇ ਹੁੰਦੇ ਹਨ। 'ਸੁਰਸਤੀ' ਤੇ 'ਨਾਰਦ' ਆਦਿ ਇਹ ਵਰਤਦੇ ਹੁੰਦੇ ਸਨ। ਅੱਗੇ ਉਹਨਾਂ ਦੀ ਵੀਣਾ ਲੰਬੀ 'ਸੁਸਵਤੀ ਦੀ ਕਛਪੀ' ਨਾਰਦ ਦੀ ਮਹਿਤੀ, ਤੇ ਤੰਬੁਰ ਦੀ ਕਲਾਵਤੀ।

8. **ਦੁਤਾਰਾ** : ਇਹ ਦੋ ਤਾਰ ਦਾ ਸਾਜ਼ ਹੈ। ਇਸ ਦਾ ਨਾਮ ਨਕਲੀ ਵੀਣਾ ਭੀ ਹੈ। 'ਸੁਰ ਕੋ ਕਰਤ ਵਜਾਏ ਦੁਤਾਰਾ' (ਮਹਾਨ ਕੋਸ਼ ਪੰਨਾ 1924 ਦੁਤਾਰਾ ਸੰਗਯਾ)

9. **ਇੱਕਤਾਰਾ** : ਇੱਕ ਤਾਰੀਆ: ਸੰਗਯਾ: ਇੱਕ ਤਾਰ ਦਾ ਵਾਜਾ ਜੋ ਜੰਗਮ, ਜੋਗੀ ਵਜਾਇਆ ਕਰਦੇ ਹਨ। ਮੁੜੇ ਹੋਏ ਤੂੰਬੇ ਨਾਲ ਇੱਕ ਬਾਂਸ ਦੀ ਡੰਡੀ ਲਾਉਣ ਤੋਂ ਬਣਦਾ ਹੈ। (ਮਹਾਨ ਕੋਸ਼ 360)

10. **ਸੁਰ ਬਹਾਰ** : ਇਹ ਸਿਤਾਰ ਦੀ ਉੱਨਤੀ ਵਾਲੀ ਸ਼ਕਲ ਹੈ, ਅਲਾਪ ਲਈ 'ਸੁਰ ਬਾਹਰ' ਤੇ ਗਤ ਵਜਾਉਣ ਲਈ ਸਿਤਾਰ ਅੱਛੀ ਹੁੰਦੀ ਹੈ।

11. **ਤਾਊਸ** : ਫਾਰਸੀ ਜ਼ਬਾਨ ਵਿੱਚ 'ਮੋਰ' ਨੂੰ 'ਤਾਊਸ' ਆਖਦੇ ਹਨ। ਇਹ ਮੋਰ ਦੀ ਸ਼ਕਲ ਜੈਸੇ ਹੁੰਦਾ ਹੈ। ਇਸ ਵਿੱਚ ਸਿਤਾਰ ਦੀ ਤਰ੍ਹਾਂ ਪਰਦੇ ਹੁੰਦੇ ਹਨ ਅਤੇ ਗਜ਼ ਨਾਲ ਵਜਾਇਆ ਜਾਂਦਾ ਹੈ। ਕਈ ਇਸ ਨੂੰ 'ਸ੍ਰੀ ਗੁਰੂ ਹਰਿਗੋਬਿੰਦ ਜੀ' (ਛੇਵੇਂ ਪਾਤਸ਼ਾਹ) ਦੀ ਕਾਢ ਦੱਸਦੇ ਹਨ। ਤਾਊਸ, ਸੰਗਯਾ ਮੋਰ,, ਮਯੂਰ, ਮੋਰ ਦੀ ਸ਼ਕਲ ਦਾ ਇੱਕ ਵਾਜਾ, ਜੋ ਗਜ਼ ਨਾਲ ਵਜਾਈਦਾ ਹੈ। (ਮਹਾਨ ਕੋਸ਼ ਪੰਨਾ 1742)

12. **ਦਿਲ ਰਬਾਬ ਜਾਂ ਅਸਰਾਜ** : ਇਸ ਦਾ ਅਸੂਲ ਤਾਊਸ ਤੇ ਕਮਾਨਚੇ ਜੈਸਾ ਹੁੰਦਾ ਹੈ। ਪ੍ਰੰਤੂ ਸ਼ਕਲ ਵਿੱਚ ਫਰਕ ਹੈ।

13. **ਕਮਾਨਚਾ** : ਲੱਕੜੀ ਦਾ ਬਣਿਆ ਸਾਜ਼ ਹੈ; ਪਹਿਲੇ ਹਿੱਸੇ ਤੇ ਸਾਰੰਗੀ ਦੀ ਤਰ੍ਹਾਂ ਚਮੜਾ ਮੜ੍ਹਿਆ ਹੁੰਦਾ ਹੈ। ਸਿਤਾਰ ਦੀ ਤਰ੍ਹਾਂ ਪਰਦੇ ਹੁੰਦੇ ਹਨ, ਗਜ਼ ਨਾਲ ਵਜਾਇਆ ਜਾਂਦਾ ਹੈ।

14. **ਸੁਰ ਸਾਗਰ** : ਸਾਰੰਗੀ ਦੀ ਸੁਧਰੀ ਹੋਈ ਸ਼ਕਲ ਹੈ। ਇਸ ਵਿੱਚ ਭੀ ਬਾਜ ਦੀਆਂ ਤਿੰਨ ਤਾਰਾਂ ਹੁੰਦੀਆਂ ਹਨ। ਇਹ ਕੱਦ ਵਿੱਚ ਸਾਰੰਗੀ ਨਾਲੋਂ ਡਿਊੜਾ ਹੁੰਦਾ ਹੈ। ਦਿੱਲੀ ਵਾਲੇ 'ਮੁਹਿਸਨ ਖਾਂ' ਦੀ ਕਾਢ ਹੈ।

15. **ਸਰੋਦ** : ਰਬਾਬ ਦੀ ਤਰੱਕੀ ਵਾਲੀ ਸ਼ਕਲ ਹੈ। ਕੱਦ ਪੱਖੋਂ ਰਬਾਬ ਨਾਲੋਂ ਡਿਊੜੀ ਹੁੰਦੀ ਹੈ। ਸਿੱਧੇ ਹੱਥ ਨਾਲ ਜ਼ਰਬ ਲਗਾਈ ਜਾਂਦੀ ਹੈ ਤੇ ਖੱਬੇ ਹੱਥ ਨਾਲ ਤਾਰਾਂ ਦੱਬੀਆਂ ਜਾਂਦੀਆਂ ਹਨ।

16. **ਸਾਰੰਗੀ** : 'ਬਿਕਰਤੇ' ਦੀ ਕਾਢ ਹੈ। ਸੁਰਾਂ ਦੀਆਂ ਸਾਰੀਆਂ ਖੂਬੀਆਂ ਇਸ ਵਿੱਚ ਦਿਖਾਈਆਂ ਜਾਂਦੀਆਂ ਹਨ। ਇਸੇ ਲਈ ਇਸ ਨੂੰ 'ਸਾਰੰਗੀ' ਆਖਦੇ ਹਨ। ਇਸ ਵਿੱਚ ਬਾਜ ਦੀਆਂ ਤਿੰਨ ਤਾਰਾਂ ਹੁੰਦੀਆਂ ਹਨ।

17. **ਸਾਰੰਘਾਰ** : 'ਸਾਰੋਦ' ਦੀ ਦੂਜੀ ਸ਼ਕਲ ਹੈ।

'ਪਿਆਰ ਖਾਂ' ਲਖਨਊ ਵਾਲੇ ਦੀ ਕਾਢ ਹੈ।

18. **ਮੌਸੀਕਾਰ** : ਇਸ ਨੂੰ ਰਵਾਇਤੀ ਪੰਛੀ 'ਮੌਹੂਮ' ਦਾ ਰੂਪ ਦਿੱਤਾ ਗਿਆ ਹੈ। ਕਹਿੰਦੇ ਹਨ ਕਿ ਇਹ ਪੰਛੀ ਇੱਕ ਹਜ਼ਾਰ ਸਾਲ ਜਿਊਂਦਾ ਹੈ। ਇਸ ਦੀ ਚੁੰਝ ਵਿੱਚ ਸੱਤ ਛੇਕ ਹੁੰਦੇ ਹਨ। ਜਿਹਨਾਂ ਵਿੱਚੋਂ ਵੱਖੋ-ਵੱਖ ਅਵਾਜ਼ਾਂ ਨਿਕਲਦੀਆਂ ਹਨ। ਜਦ ਇਹ ਪਰਿੰਦਾ ਮਰਨ ਲੱਗਦਾ ਹੈ, ਤਦ ਸੁੱਕੀਆਂ ਟਾਹਣੀਆਂ ਇਕੱਠੀਆਂ ਕਰਕੇ ਉਹਨਾਂ ਉੱਤੇ ਬੈਠ ਕੇ ਦੀਪਕ ਰਾਗ ਅਲਾਪਦਾ ਹੈ ਤਾਂ ਲੱਕੜਾਂ ਨੂੰ ਅੱਗ ਲੱਗ ਜਾਂਦੀ ਹੈ ਤੇ ਇਸ ਤਰ੍ਹਾਂ 'ਮੌਸੀਕਾ' ਜਲ ਜਾਂਦਾ ਹੈ। ਬਾਦ ਵਿੱਚ ਇਸ ਦੀ ਰਾਖ 'ਚੋਂ ਇੱਕ ਕੀੜਾ ਪੈਦਾ ਹੁੰਦਾ ਹੈ ਜੋ ਹੌਲੀ ਹੌਲੀ ਮੌਸੀਕਾ (ਮੌਹੂਮ) ਬਣ ਜਾਂਦਾ ਹੈ ਅਤੇ ਸੰਗੀਤ ਦਾ ਸਿਲਸਿਲਾ ਜਾਰੀ ਰਹਿੰਦਾ ਹੈ। ਇਸ ਲਈ ਇਸ ਦੀ ਸ਼ਕਲ ਤੋਂ ਸਾਜ਼ ਬਣਾਇਆ ਗਿਆ ਹੈ। 'ਬੰਦੂ ਖਾਂ' ਦਿੱਲੀ ਵਾਲੇ ਦੀ ਕਾਢ ਹੈ ਤੇ 'ਸਾਰੰਗੀ' ਦੀ ਤਰ੍ਹਾਂ ਵਜਦਾ ਹੈ।

19. **ਡਬਲਬੀਨ** : 'ਚੀਲੂ' ਦੀ ਤਰ੍ਹਾਂ ਹੁੰਦਾ ਹੈ। ਪ੍ਰੰਤੂ ਇਸ ਤੋਂ ਵੱਡਾ ਹੁੰਦਾ ਹੈ। ਅਵਾਜ਼ ਕੰਨਾਂ ਨੂੰ ਚੰਗੀ ਲੱਗਦੀ ਹੈ। ਯੂਰਪੀਨੀ ਸਾਜ਼ ਹੈ।

20. **ਚੀਲੂ** : ਇਹ 'ਵਾਇਲਨ' ਤੋਂ ਤਿੰਨ ਗੁਣਾਂ ਵੱਡਾ ਹੁੰਦਾ ਹੈ, ਜਿਸ ਕਰਕੇ ਫਰਸ਼ ਤੇ ਟਿਕਾ ਕੇ ਵਜਾਉਂਦੇ ਹਨ। ਇਸ ਦੀ ਅਵਾਜ਼ ਭਾਰੀ ਹੁੰਦੀ ਹੈ। ਇਹ ਯੂਰਪੀਨੀ 'ਮੌਸੀਕੀ' ਸਾਜ਼ ਹੈ। ਵਜਾਉਣ ਦਾ ਢੰਗ 'ਵਾਇਲਨ' ਵਾਲਾ ਹੈ।

21. **ਵਾਇਲਨ** : ਇਹ ਯੂਰਪੀਨੀ ਸਾਜ਼ ਹੈ। ਇਸ ਨੂੰ ਯੂਰਪ ਦੀ 'ਸਾਰੰਗੀ' ਆਖਦੇ ਹਨ। ਹੁਣ ਇਹ ਸਾਜ਼ ਸਾਡੇ ਸੰਗੀਤ ਵਿੱਚ ਸ਼ਾਮਿਲ ਹੋ ਗਿਆ ਹੈ। ਇਸ ਵਿੱਚ ਚਾਰ ਤਾਰਾਂ ਹੁੰਦੀਆਂ ਹਨ ਤੇ ਕਮਾਣੀ ਨਾਲ ਵਜਾਈਦਾ ਹੈ। ਇਸ ਨੂੰ 'ਬੇਲਾ' ਭੀ ਆਖਦੇ ਹਨ। ਇਹ 'ਫਿਲਡ' ਦੇ ਨਾਮ ਤੋਂ ਉੱਘਾ ਹੈ।

22. **ਕਾਨੂੰਨ** : 'ਬਰਬਤ' ਵਰਗਾ ਸਾਜ਼ ਹੈ। ਬਰਬਤ ਵਿੱਚ ਤਾਰਾਂ ਸਿੱਧੀਆਂ ਹੁੰਦੀਆਂ ਹਨ ਅਤੇ ਇਸ ਵਿੱਚ ਟੇਢੀਆਂ। ਇਹ 'ਅਬੂਨਸਰ' ਫਰਾਲੀ ਨੇ ਬਣਵਾਇਆ ਸੀ।

(ਚਲਦਾ ...)

'ਗੁਰਮਤਿ ਪ੍ਰਕਾਸ਼' ਵਿੱਚੋਂ ਧੰਨਵਾਦ ਸਹਿਤ

Thank You, God, for the
beauty around me everywhere,
the gentle rain and glistening dew,
the sunshine and the air,
the joyous gift of feeling
the soul's soft, whispering voice
that speaks to me from deep within
and makes my heart rejoice.

With best compliments from
a wellwisher

## Ritualism is Unacceptable

**Sujan Singh ★**

These days many customs and rituals have started in Gurudwaras and at living places which are not according to our religion. They should be discouraged in the interest of Sikhism. I give below a few examples:-

**Wearing of Socks when going to Gurudwara:**

A relative of mine went to a Gurudwara in Bombay Suburb. He was wearing socks. After *Kirtan* when he came out to return home, *Bhaiji* of Gurudwara told him that he should not come to Gurudwara with socks and if he did, he will not be allowed to enter Gurudwara. The same is happening at some other places.

My birthplace is Quotta (now in Pakistan). It used to be very cold in winter and everyone had to wear thick warm socks or stockings and everyone went to Gurudwara with the same dress. The same is the position in all Gurudwaras situated at Cold Places in Himachal, Kashmir, Tibat and abroad.

On the other hand, Golden Temple Management provides socks to foreigners who come to Golden Temple. Some foreigners are not used to walk barefooted. When they come to Golden Temple and leave their shoes with *Sevadar* on duty, the *Sevadar* gives a pair of socks to each one of them to wear and go in.

**Applying Kirpan to Parshad:**

In many Gurudwaras when *Ardas* is done one person takes out his *Kirpan* and stands by. When in Ardas it comes *Parshad Parvan Hove* he breaks from *Ardas* and applies *Kirpan* to *Parshad*. This never happened in the past. *Kirpan* was applied after the *Ardas* finished.

According to Sikh history this practice was started by Guru Gobind Singh ji at Anandpur Sahib. During his time he used to apply his *Siri Sahib* to *Parshad* after *Ardas*.

**Washing of feet when going to Gurudwara:**

In good days at Golden Temple and some other Gurudwara there used to be a water tap with small *Haudi* under it for washing feet. If one wanted to wash his feet he could do so there. It was upto a devotee to wash his feet or not. Now by and by water channel is being provided at the entrance of Gurudwaras and one has to walk through water channel to enter Gurudwara. Why are we forcing every visitor to wash his feet and that also by passing through water channel? This will have very bad effect if introduced in Gurudwaras in cold places and Foreign Countries.

**Photos of Guru ji:**

In the past we did not have photos of Guru ji in Gurudwaras. Now we have them even in historical Gurudwaras. Not only that some sikhs place flowers and garland on these photos and some pay obeisance. This is nothing but *Murti Puja* which is prohibited in our religion.

According to Sikh principle photo is good because it reminds you of someone but it does not replaces whom it depicts.

**Asa Di War:**

*Asa Di War* should start from 4 or 5 a.m. and finish at 6:30 or 7 a.m. These days in many important Gurudwaras *Asa Di War* starts at 7 or 7:30 a.m. If you ask them why do they start *Asa Di War* so late, the usual answer is that the *Sangat* does not come so

★ 67, Kailash Aptt., Lala Lajpat Rai Marg, New Delhi - 110 048

early.

I do not agree with them. At present there are a few Gurudwaras where *Asa Di War* starts early morning and finish at 6:30 or 7 a.m.

**Young Sikhs going astray:**

Young boys have started to cover their heads with Patka or Cap. Some have got their hair cut. Why this is happening and what is the remedy? This is happening because they have no knowledge of their religion and its principles. Similarly, they do not know the importance of *Rahat Maryada.*

Best learning period for children is between the age of five and fifteen. During this period children go to School and are at home. Except Punjab State nowhere else any school have Punjabi as second language and these days Schools do not have subject of Moral-Science and Character building. Therefore, it becomes duty of parents to bring up the children in such a way that they know their religion and will not go astray when they grow up.

If parents have no time for this purpose they should engage someone to train their children. Children should at least be able to read and write Punjabi. By and by they should do Path of *Nit Name* and remember it by heart. They should know the importance of *Rahat Maryada* and read Sikh history. The should know how to tie Turbans and get used to it.

Our children have already started marrying non-sikhs. If we do not look after our children, our grand children will not be Sikh at all.

## AN APPEAL

### *Help Nishkam To Save A Young Life*

During 1992 to1999 ***Nishkam*** has taken up a number of medical cases to save lives of young people including **Sukhmani, Blessy, Yashpal, Karthikeya** and others.

Now ***Nishkam*** seeks your help to save life of a 21 years old, brilliant, young boy **Abhaya Kumar Sinha of Jamshedpur,** who is suffering from Aplastic Anameia, and has to undergo **Bone Marrow Transplantation at C.M.C. Hospital, Vellore.** Dr. Alok Srivastava, MD, FRCAP, FRCPA, Professor, Deptt. of Haematology, has confirmed the feasibility of transplantation and expenditure as Rs. 10 Lakhs. The family despite efforts is able to contribute not more than Rs. 3 Lakhs, a fact which has been thoroughly verified from independent sources. Donations of Rs. 7 Lakhs are, therefore, urgently required to save life of this young boy, who is the only brother of three sisters.

Kindly contribute liberally through crossed cheques/drafts in favour of **Nishkam Sikh Welfare Council (Regd.) - Medical A/c and send the same to B-Block, Tilak Vihar, New Delhi-18 (Phone: 5412601, 5101848)**

Also please request your near and dear ones to contribute for this noble cause.

***Donations are Exempt under Section 80 G***

# CONCEPT OF AMRIT

**Tarninder Singh** ★

*The search for Amrit:* From times immemorial, man has tried to become immortal. This is the only route to achieve eternal happiness/ divinity. Man has always searched for something which makes him immortal. This is termed as 'amrit', nectar, elixir etc.

*GGS definition of Amrit:* There are numerous lines in the GGS explaining that *'Naam simran' and God's grace can confer the status of immortality to a person.* As explained before, with 'Naam simran / Akaal ustat', our mind is purified allowing the Inner Soul to control our lives completely. In the GGS, the word 'Amrit' indicates two things- firstly 'Naam simran' and secondly the 'Inner Soul, which is always immortal. When the word ' Amrit' indicates 'Naam simran', then it implies a *path / process.* While when it implies Soul, it indicates the goal.

Followers mix-up the definition of the path and goal. The most common question 'Have you taken amrit', generally means whether you have undergone the initiation ceremony. But if we use the GGS definition then this question would mean 'Have you performed simran'. According to the GGS, a person who has *taken amrit* has become *immortal / enlightened.* But we all know that, the initiation ceremony does not transform us in this manner.

* *'Prabhke simran garbh na base'* (GGS: 262, Sukh: 1.2) Implying immortality through simran.
* *'Amrit peevay amar so hove, uus purakh a nahi kade binass'* (GGS: 287, Sukhmani, 18.6)
* *'Prabh kae simran mann ki mall jaaye, amrit naam ridh maahe samaaye'* (GGS: 263, Sukh: 1.4)
* *'Naunidh amrit prabh ka naam dehi mein iskaa bisraam'* (GGS: 293, Sukhmani, 23.1)
* *'Amrit naam parmeshar teraa, jo simre so jeeve'* (GGS: 616)
* *'Jin vaddiyaai tere naam ki, te rate mann mahe.*
  *Naanak amrit* (nectar) *ek hai dujaa amrit naahe.*
  *Naanak amrit* (Soul) *manne mahe, paayiye gur-parsaad,*
  *Tinni peeta rang siu, jin kou likhiyaa aad'.* (GGS: 1238). Implying, those who are dreched / immersed in God's Name attain immortality.
* *'Amrit har naam hai, jit peete tikh (thirst) jae'* (GGS: 1283)
* *'Gurmukh amrit naam hai, jit khaade sabh bhukh jae.*
  *Trisna muul na hovayi, naam vase mann aye' (GGS: 1250)*
* *'Har kaa naam amrit jal nirmal, ehe aukhad jag saaraa; Gur-parsaad kahe jan bheekhan paavo mokh duaaraa'* (GGS:659).
  Bhagat Bhikhanji says that with 'Naam' I get salvation / immortality.
* *'Har amrit peeveh, sadaa rang raate, houmae trisnaa maar; amrit har ka naam hai, varse kirpaa dhaar'* (GGS: 1281).
* *'Gur ke bhaane vich amrit hai, sahaje paavay koi,*
  *jinaa paraapat tin peeyaa, houmai vicho khoye'* (GGS: 31). Implying that by obeying the Will of God, we lose our ego and achieve immortality.
* *'Naanak, jis nu nadar karay, amrit naam aape de'* (GGS: 1043). Implying, God's grace confers the seeker the status of immortality.
* *'Ghar* (body) *hi meh amrit bharpoor*

★ B-304, Salvodar, Four Bunglows, Shastri Nagar, Andheri (West), Mumbai 400 053

*hai,manmukh saad na paiyaa, ...*

*Sabade hi naao uupaje, sabade mel milaaiyaa; Bin sabade sabh jag bauraanaa, birtha janam gavaaiya. Amrit eko sabad hai, naanak gurmukh paeyaa'* (GGS: 644; AK: 433). Here 'sabad' means 'Naam / gian'.

* *'Sabh kichh ghar* (body) *meh, baahar naahi. Baahar tolae, so bharam bhulaai...*

  *Gur-parsaadi jinee antar paayiaa, so antar baahar, suhelaa jio... Jhim jhim varse, amrit dhaaraa.*

  *Mann peeve sun sabad beechaaraa.* (GGS: 102, AK: 432). Implying, everything is present in this body. The mind has to imbibe the 'shabad / gian / naam'.

***Effect of the mischievous ego:*** Our ego manifests in many ways. It continuously searches ways to project its superiority. It does not even spare our religious activities and ceremonies. Many of us fall in this trap after we undergo the ceremony of 'amrit'. Now, this is a paradox. The concept of 'amrit' and 'naam simran' are meant to *dissolve / sublimate our ego*. And what happens in quite the opposite. So instead of progressing on the spiritual path, we are regressing. Some suggestions are:

1. Spiritual progress does not confer any 'authority' on a person. On the contrary, it imposes greater *responsibility* on the person to abide by the fundamental message of continuous 'Naam japo, Sachi kirt karo, Wand ke chako and Hukam manno'. As a seeker discharges this responsibility, God may confer power on him. But a seeker cannot demand a special status from God.
2. Whenever a seeker is able to perform any 'good/spiritual' work, he should remind himself that God is the Doer; and that there is absolutely *no reason* for him to take any credit for this good work. In this manner, a seeker can prevent increasing his ego.
3. A seeker should also avoid expecting to be treated 'separately / preferentially' because of his 'spiritual status'. Due to our ego, we want preferential treatment under one pretext or another.
4. A seeker must remember that he is not favouring anybody by walking on the spiritual path. It is his personal choice and decision. Others are free to reject walking on this path.

***Conclusions:***

1. Guru Gobind Singhji started a ceremony initiation a person into immortality.
2. But along with this initiation ceremony / symbol, we must perform 'Naam simran', because that is the 'Amrit' for our mind. 'Naam simran' can confer *[true] immortality* to a person.
3. Even before Guru Gobind Singhji started this ceremony / school, Sikh Gurus and other Saints reached the stage of Jeevan-mukt due to 'Naam japo / kirt karo / Wand ke chhako / Hukam manno'
4. The ceremony / symbols instituted are a reminder to our mind of this deeper significance.
5. A seeker should not treat the ceremony as his goal. The ceremony is mentioned in the 'Rehat-naamaas'. The GGS equates 'amrit' to simran / gian.
6. A seeker should be careful in not allowing his ego to manifest in subtle ways.

ਅੰਮ੍ਰਿਤ ਕੀਰਤਨ ਨੂੰ ਨਿਖਾਰਨ ਦਾ ਯਤਨ ਇੱਕ ਲਗਾਤਾਰ ਚਲਦੀ ਹੋਈ ਮੁਹਿੰਮ ਹੈ।
ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸੁਆਗਤ ਹੈ।

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| (੭੫੭)<br>ਰਾਗ ਸੂਹੀ ਅਸਟਪਦੀਆ<br>ਮਹਲਾ ੪ ਘਰੁ ੨ | (757)<br>Suhi Measure Ashtpadis<br>4th Guru | (੭੫੭)<br>ਰਾਗੁ ਸੂਹੀ ਅਸ਼ਟਪਦੀਆਂ<br>ਚੌਥੀ ਪਾਤਿਸ਼ਾਹੀ |
| ੧ੴ ਸਤਿਗੁਰ ਪ੍ਰਸਾਦਿ ॥ | There is but one God. By True Guru's grace, He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥੧॥ ਦਰਸਨੁ ਹਰਿ ਦੇਖਣ ਕੈ ਤਾਈ॥ | Let some one come and make me meet my darling Beloved. For the sake of seeing the Lord's sight, I will sell myself to him. | ਕੋਈ ਜਣਾ ਆ ਕੇ ਮੈਨੂੰ ਮੇਰੇ ਲਾਡਲੇ ਦਿਲਬਰ ਨਾਲ ਮਿਲਾ ਦੇਵੇ। ਪ੍ਰਭੂ ਦਾ ਦੀਦਾਰ ਵੇਖਣ ਦੀ ਖ਼ਾਤਰ ਮੈਂ ਉਸ ਕੋਲ ਆਪਣਾ ਆਪ ਵੇ ਕਰ ਦੇਵਾਂਗਾ। |
| ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ॥੧॥ | If the Lord shows mercy unto me, then He makes me meet with the True Guru and I contemplate the Lord Master's Name. | ਜੇਕਰ ਪ੍ਰਭੂ ਮੇਰੇ ਤੇ ਰਹਿਮਤ ਧਾਰੇ ਤਦ ਉਹ ਮੈਨੂੰ ਸੱਚੇ ਗੁਰਾਂ ਨਾਲ ਮਿਲਾ ਦਿੰਦਾ ਹੈ ਅਤੇ ਮੈਂ ਸੁਆਮੀ ਮਾਲਕ ਦੇ ਨਾਮ ਦਾ ਸਿਮਰਨ ਕਰਦਾ ਹਾਂ। |
| ਰਹਾਉ॥ | Pause. | ਠਹਿਰਾਉ। |
| ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥੨॥ | If Thou blesseth me with happiness, then meditate I on Thee. Even in pain I forget Thee not. | ਜੇਕਰ ਤੂੰ ਮੈਨੂੰ ਖੁਸ਼ੀ ਬਖਸ਼ੇ ਤਦ ਮੈਂ ਤੇਰੀ ਬੰਦਗੀ ਕਰਦਾ ਹਾਂ। ਤਕਲੀਫ ਵਿੱਚ ਭੀ ਮੈਂ ਤੈਨੂੰ ਨਹੀਂ ਭੁਲਾਉਂਦਾ। |
| ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥੩॥ | If Thou givest me hunger, then even I am sated with it and feel happy in sorrow. | ਜੇਕਰ ਤੂੰ ਮੈਨੂੰ ਖੁਧਿਆਂ ਦੇਵੇ ਤਾਂ ਭੀ ਮੈਂ ਇਸ ਨਾਲ ਸੰਤੁਸ਼ਟ ਹਾਂ ਅਤੇ ਤਕਲੀਫ ਵਿੱਚ ਖੁਸ਼ੀ ਮਹਿਸੂਸ ਕਰਦਾ ਹਾਂ। |
| ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥੪॥ | I cut and tear my body and soul and dedicate them all to Thee, O my Lord. For Thee I burn myself in fire. | ਮੈਂ ਆਪਣੀ ਦੇਹ ਅਤੇ ਆਤਮਾ ਨੂੰ ਕਟਦਾ ਤੇ ਚੀਰਦਾ ਹਾਂ ਅਤੇ ਉਨ੍ਹਾਂ ਸਾਰਿਆਂ ਨੂੰ ਤੇਰੇ ਸਮਰਪਣ ਕਰਦਾ ਹਾਂ, ਹੇ ਮੇਰੇ ਸੁਆਮੀ! ਤੇਰੇ ਲਈ ਮੈਂ ਆਪਣੇ ਆਪ ਨੂੰ ਅੱਗ ਵਿੱਚ ਸਾੜਦਾ ਹਾਂ। |
| ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥੫॥ | I wave fan over and draw water for Thee. Whatever Thou givest me, that I eat. | ਮੈਂ ਤੈਨੂੰ ਪੱਖੀ ਝਲਦਾ ਅਤੇ ਤੇਰੇ ਲਈ ਜਲ ਢੋਂਦਾ ਹਾਂ। ਜਿਹੜਾ ਕੁਝ ਭੀ ਤੂੰ ਮੈਨੂੰ ਦਿੰਦਾ ਹੈਂ, ਉਹ ਹੀ ਮੈਂ ਖਾਂਦਾ ਹਾਂ। |
| ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥੬॥ | Poor Nanak has fallen at Thy door. It is to Thine glory to unite me with Thee, O my Lord. | ਗਰੀਬੜਾ ਨਾਨਕ ਤੇਰੇ ਬੂਹੇ ਆ ਡਿੱਗਾ ਹੈ। ਮੈਨੂੰ ਆਪਣੇ ਨਾਲ ਮਿਲਾਉਣ ਵਿੱਚ ਤੇਰੀ ਪ੍ਰਭਤਾ ਹੈ, ਹੇ ਮੇਰੇ ਸੁਆਮੀ! |
| ● | ● | ● |
| (੭੩੯)<br>ਸੂਹੀ ਮਹਲਾ ੫॥ | (739)<br>Suhi 5th Guru. | (੭੩੯)<br>ਸੂਹੀ ਪੰਜਵੀਂ ਪਾਤਿਸ਼ਾਹੀ। |
| ਲਾਲਨੁ ਰਾਵਿਆ ਕਵਨ ਗਤੀ ਰੀ॥ | In what way hast thou enjoyed thy love? | ਕਿਸ ਤਰੀਕੇ ਨਾਲ ਤੂੰ ਆਪਣੇ ਪ੍ਰੀਤਮ ਨੂੰ ਮਾਣਿਆ ਹੈ? |
| ਸਖੀ ਬਤਾਵਹੁ ਮੁਝਹਿ ਮਤੀ | O my mate, give me thou thy | ਹੇ ਮੇਰੀ ਸਹੇਲੀਏ! ਤੂੰ ਮੈਨੂੰ ਆਪਣਾ |

| | | |
|---|---|---|
| ਰੀ॥੧॥ | counsel. | ਸਲਾਹ ਮਸ਼ਵਰਾ ਦਸ। |
| ਸੁਹਬ ਸੁਹਬ ਸੁਹਵੀ॥ ਅਪਨੇ ਪ੍ਰੀਤਮ ਕੇ ਰੰਗ ਰਤੀ॥ | Crimson, crimson, crimson becomes the bride, who is dyed with the love of her Beloved. | ਲਾਲ, ਲਾਲ, ਲਾਲ ਹੋ ਵੰਞਦੀ ਹੈ ਉਹ ਪਤਨੀ, ਜੋ ਆਪਣੇ ਪਿਆਰੇ ਦੇ ਪ੍ਰੇਮ ਨਾਲ ਰੰਗੀ ਹੋਈ ਹੈ। |
| ਰਹਾਉ | Pause | ਠਹਿਰਾਉ। |
| ਪਾਵ ਮਲੋਵਉ ਸੰਗਿ ਨੈਨ ਭਤੀਰੀ॥ | My love, with mine eye lashes, I shampoo Thine feet. | ਮੇਰਿਆ ਪਿਆਰਿਆ! ਆਪਣੀਆਂ ਅੱਖਾਂ ਦੀਆਂ ਝਿਮਣੀਆਂ ਨਾਲ ਤੇਰੇ ਪੈਰ ਮਲਦੀ ਹਾਂ। |
| ਜਹਾ ਪਠਾਵਹੁ ਜਾਂਉ ਤਤੀ ਰੀ॥੨॥ | Whither Thou sendest me, thither go I. | ਜਿੱਥੇ ਤੂੰ ਮੈਨੂੰ ਭੇਜਦਾ ਹੈਂ, ਉੱਥੇ ਹੀ ਮੈਂ ਜਾਂਦੀ ਹਾਂ। |
| ਜਪ ਤਪ ਸੰਜਮ ਦੇਉ ਜਤੀ ਰੀ॥ ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨ ਪਤੀ ਰੀ॥੩॥ | I shall barter away my worship, penance, self-discipline and celibacy to him, who makes me meet the Lord of my life even for a moment. | ਮੈਂ ਆਪਣੀ ਪੂਜਾ, ਤਪੱਸਿਆ, ਸਵੈ-ਜ਼ਬਤ ਅਤੇ ਜਤ ਸਤ ਉਸ ਨੂੰ ਦੇ ਦੇਵਾਂਗੀ, ਜੋ ਇੱਕ ਮੁਹਤ ਲਈ ਭੀ ਮੈਨੂੰ ਮੇਰੀ ਜਿੰਦ-ਜਾਨ ਦੇ ਸੁਆਮੀ ਨਾਲ ਮਿਲਾ ਦੇਵੇ। |
| ਮਾਣੁ ਤਾਣੁ ਅਹੰਬੁਧਿ ਹਤੀ ਰੀ॥ ਸਾ ਨਾਨਕ ਸੋਹਾਗਵਤੀ ਰੀ॥੪॥੪॥੧੦॥ | She alone, O Nanak, is the chaste bride of her spouse, who effaces her sense of self-honour, power arrogant intellect. | ਕੇਵਲ ਓਹੀ, ਹੇ ਨਾਨਕ! ਆਪਣੇ ਪਤੀ ਦੀ ਸਤਿਵੰਤੀ ਪਤਨੀ ਹੈ, ਜੋ ਆਪਣੀ ਸਵੈ-ਇੱਜ਼ਤ, ਤਾਕਤ ਅਤੇ ਹੰਕਾਰੀ-ਮੱਤ ਨੂੰ ਮੇਟ ਸੁੱਟਦੀ ਹੈ। |


Kingsway
the school unform people

SCF: 15, Sector : 22-D,
Chandigarh - 160 022
Phone : 707421

Resi. : 95, Sector : 21 - A, Chandigarh Phone : 704529, 703982



TALWAR BROTHERS
SCF-68, SEC. 15-D, CHANDIGARH

Phone : 771531, 781490
549433
Resi. : 772450

Talwar Brothers

SCF : 68, Sector : 15 - D, Chandigarh - 160 015

ਪ੍ਰੋ. ਤਾਰਾ ਸਿੰਘ

## ਰਾਗ ਸੂਹੀ

ਸੂਹੀ ਇੱਕ ਅਪ੍ਰਚਲਿਤ ਰਾਗ ਹੈ। ਪੁਰਾਤਨ, ਮੱਧਕਾਲੀ ਜਾਂ ਆਧੁਨਿਕ ਸੰਗੀਤ ਗ੍ਰੰਥਾਂ ਵਿੱਚ ਇਸ ਰਾਗ ਦਾ ਉਲੇਖ ਨਹੀਂ ਮਿਲਦਾ। ਅਪ੍ਰਸਿੱਧ ਪ੍ਰਕਾਰ ਹੋਣ ਦੇ ਕਾਰਣ ਇਸ ਦੇ ਵਾਸਤਵਿਕ ਸਰੂਪ ਦੇ ਸੰਬੰਧ ਵਿੱਚ ਵਿਦਵਾਨਾਂ ਵਿੱਚ ਮਤ ਭੇਦ ਹੋਣਾ ਇੱਕ ਸੁਭਾਵਿਕ ਗੱਲ ਹੈ। ਮੱਧਕਾਲੀ ਧਾਰਮਿਕ ਗ੍ਰੰਥਾਂ ਵਿੱਚੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਇਸ ਰਾਗ ਵਿੱਚ ਬਾਣੀ ਉਪਲੱਬਧ ਹੁੰਦੀ ਹੈ। ਕਈ ਵਿਦਵਾਨ ਉੱਤਰੀ ਭਾਰਤ ਦੇ ਸੂਹਾ ਰਾਗ ਨੂੰ ਹੀ ਸੂਹੀ ਮੰਨਦੇ ਹਨ। 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਦੇ ਲੇਖਕ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ (ਨਾਭਾ) ਇਸ ਰਾਗ ਬਾਰੇ ਇਸ ਤਰ੍ਹਾਂ ਲਿਖਦੇ ਹਨ- "ਸੂਹੀ ਇੱਕ ਰਾਗਿਣੀ ਹੈ, ਜਿਸਨੂੰ ਸੂਹਾ ਭੀ ਆਖਦੇ ਹਨ। ਇਹ ਕਾਫੀ ਠਾਠ ਦੀ ਸ਼ਾਡਵ ਰਾਗਣੀ ਹੈ। ਇਸ ਵਿੱਚ ਧੈਵਤ ਵਰਜਿਤ ਹੈ। ਸੂਹੀ ਵਿੱਚ ਗੰਧਾਰ ਅਤੇ ਨਿਸ਼ਾਦ ਕੋਮਲ, ਬਾਕੀ ਸ਼ੁੱਧ ਸੁਰ ਹਨ। ਵਾਦੀ ਮੱਧਮ ਸੰਵਾਦੀ ਸ਼ਡਜ ਹੈ। ਗਾਉਣ ਦਾ ਵੇਲਾ ਦੋ ਘੜੀ ਦਿਨ ਚੜ੍ਹੇ ਹੈ।" ਇਸ ਵਿਆਖਿਆ ਤੋਂ ਉਪਰੰਤ ਉਨ੍ਹਾਂ ਨੇ ਇਸ ਰਾਗ ਦੀ ਆਰੋਹੀ-ਅਵਰੋਹੀ ਇਸੇ ਤਰ੍ਹਾਂ ਨਿਰਧਾਰਤ ਕੀਤੀ ਹੈ-

**ਆਰੋਹੀ : ਸਾਰੇ ਗੁ ਮਪ ਨੁ਼ੀ ਸਾਂ      ਅਵਰੋਹ : ਸਾਂ ਨੁ਼ੀ ਮਪ, ਗੁ ਰੇ ਸਾ।**

**ਰਾਗ ਸੂਹੀ** — **ਤਿੰਨ ਤਾਲ**

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| ਸਥਾਈ | | | | | | | | ਨੁ਼ੀ | ਪ | ਪ | ਪ | ਮ | ਪ | ਮਪ | ਨੁ਼ੀਪ |
| | | | | | | | | ਦ | ਰ | ਸ | ਨੁ | ਹ | ਰਿ | ਦੇS | SS |
| ਗੁ | ਗੁ | ਗੁ | ਮਂ | ਰੇ | - | ਨੁ਼ੀ | ਸਾ | - | ਰੇ | ਰੇ | ਰੇ | ਰੇ | - | ਸਾ | - |
| ਖ | ਣ | ਕੈ | S | ਤਾ | S | ਈ | S | S | ਕਿ੍ | ਪਾ | ਕ | ਰੇ | S | ਤਾ | S |
| ਰੇਸਾ | ਨੁ਼ੀਸਾ | ਰੇ | ਸਾ | ਨੁ਼ੀ | ਪ਼ | ਪ਼ | - | ਨੁ਼ੀ | ਸਾ | ਗੁ | ਮ | ਨੁ਼ੀ | ਪ | ਮ | ਪ |
| ਸS | ਤਿS | ਗੁ | ਰੁ | ਮੇ | S | ਲੇ | S | ਹ | ਰਿ | ਹ | ਰਿ | ਨਾ | S | S | ਮੁ |
| ਨੁ਼ੀਪ | ਮਪ | ਸਾਂ | ਨੁ਼ੀਪ | ਮਪ | ਗੁਮ | ਰੇਸਾ | ਨੁ਼ੀਸਾ | | | | | | | | |
| ਧਿਆ | SS | S | SS | ਈS | SS | SS | SS | | | | | | | | |
| ਅੰਤਰਾ | | | | | | | | ਪਪ | ਮ | ਪ | ਪ | ਨੁ਼ੀ | ਮ | ਪ | ਪ |
| | | | | | | | | ਕੋਈ | ਆ | ਣਿ | ਮਿ | ਲਾ | ਵੈ | ਮੇ | ਰਾ |
| ਸਾਂ | - | ਸਾਂ | ਸਾਂ | ਨੁ਼ੀਸਾਂ | ਰੇਂਸਾਂ | ਨੁ਼ੀ | ਪ | ਪਪ | ਮਪ | ਨੁ਼ੀ | ਸਾਂ | ਗੁਂ | ਮਂ | ਰੇਂ | ਸਾਂ |
| ਪ੍ਰੀ | S | ਤ | ਮੁ | ਪਿਆ | SS | ਰਾ | S | ਹਉ | ਤਿਸੁ | ਪ | ਹਿ | ਆ | S | ਪੁ | ਵੇ |
| ਨੁ਼ੀਸਾਂ | ਰੇਂਸਾਂ | ਨੁ਼ੀਸਾਂ | ਰੇਸਾਂ | ਨੁ਼ੀਪ | ਮਪ | ਗੁਮ | ਰੇਸਾ | | | | | | | | |
| ਚਾS | SS | SS | SS | ਈS | SS | SS | SS | | | | | | | | |

*ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ*

**ਗੁਰਸਿੱਖ ਸੰਜੋਗ**

(ਪੰਦਰਾ-ਰੋਜ਼ਾ ਪੱਤਰ)

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ 110 060
ਫੋਨ: 5853955

**ਸਾਡਾ ਵਿਰਸਾ ਸਾਡਾ ਗੌਰਵ**

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)

ਮਾਡਲ ਟਾਊਨ ਐਕਸਟੇਨਸ਼ਨ
ਲੁਧਿਆਣਾ - 141 002

## ਪ੍ਰੋ. ਗੁਰਦਿਆਲ ਸਿੰਘ ★

### ਰਾਗ ਸੂਹੀ ਤਾਲ ਵਿਲੰਬਿਤ ਇਕਤਾਲਾ / ਵੱਡਾ ਖਿਆਲ

ਆਰੋਹ : ਸਾ ਰੇ ਸਾ ਮਾ ਗੁ ਮਂ ਪਾ –, ਨ਼ੀ ਧਾ ਪਾ ਧਾ ਸਂ –
ਅਵਰੋਹ : ਗੁਂ ਰੇਂ ਸਂ ਨ਼ੀ ਧਾ ਪਾ ਮਂ ਪਾ, ਧਾ ਪਾ ਗੁ ਰੇ ਨ਼ੀ ਧ਼ ਸਾ – –
(ਪਕੜ) ਰਾਗ ਮੁਖਾਂਗ : ਰੇ ਸਾ ਮਾ ਗੁ ਮਂ ਪਾ – – –
ਵਾਦੀ : ਪਾ ਸੰਵਾਦੀ : ਸਾ ਜਾਤੀ : ਵਕਰ ਔੜਵ ਤੇ ਵਕਰ ਸੰਪੂਰਨ।
ਗਾਇਨ ਸਮਾਂ : ਦਿਨ ਦਾ ਪਹਿਲਾ ਪਹਿਰ 7 ਤੋਂ 9 ਤੱਕ।

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| | | | | | | | | | | ਸਥਾਈ | |
| | | | | | | | | | | ਨ਼ੀਨ਼ੀ ਧਧ | ਪਾਪਾ, ਸਾਮਗੁਮਂ |
| | | | | | | | | | | ਸੂਹ ਬਸੂ | ਹਬ, ਸੂsss |
| ਪ | ਪਾ, ਧਾਪਾ | ਗੁ ਸਾ | ਨ਼ੀ, ਧਾਧਾ | ਪ | ਮਂਪ | ਸਂ | ਨ਼ੀਧ, ਪ | ਗੁ ਸਾ | ਪਾ ਪਾ | | |
| ਵੀ | s, ਅਪ | ਨੇ s | ਪ੍ਰੀ, ਤਮ | ਕੇ | s s | ਰਂ | ਗs, s | ਰ s | ਤੀ ਗੀ | | |
| | | | | | | | | | | ਅੰਤਰਾ | |
| | | | | | | | | | | ਪਾ ਨ਼ੀ | ਧਨ਼ੀ, ਪ |
| | | | | | | | | | | ਲਾ s | ਲਨ, ਗਾ |
| ਸਂ ਸਂ | ਸਾਂ | ਧਾ ਨ਼ੀ | ਧਾ ਪਾ | ਗੁ | ਸ ਸ | ਸਂ ਸਂ | ਗੁਂ, ਰੇਂ ਸਂ | ਨ਼ੀਧਾ; ਪਾ | ਗੁਰੇ, ਸ | | |
| ਵਿਆs | s | ਕ ਵ | ਨ ਗ | ਤੀ | ਗੀ ਸ | ਖੀ ਬ | ਤਾ, ਵਹੁ | ਮੁਝੇ, ਮ | ਤੀs ਗੀ | | |

★ 121 ਭਰਪੂਰ ਗਾਰਡਨ, ਪਟਿਆਲਾ

ਰਾਗੀ ਜਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ।

**ਅੰਮ੍ਰਿਤ ਕੀਰਤਨ ਟ੍ਰਸਟ**
422, ਸੈਕਟਰ 15-A, ਚੰਡੀਗੜ੍ਹ
ਫੋਨ-772660

**ਅੰਮ੍ਰਿਤ ਵਰਖਾ**
7/1, ਵੈਸਟ ਪਟੇਲ ਨਗਰ, ਨਵੀਂ ਦਿੱਲੀ
ਫੋਨ-5742058

HOTEL AROMA COMPLEX

**HOTEL AROMA COMPLEX**
Himalaya Marg, Sector 22-C, Chandigarh 160 022
Phone : 700045-48 Fax : 0172-700051

## ਗੁਰਮੁਖ ਢੂਢ ਢੂਢੇਂਦਿਆਂ

**( Free Matrimonial Service )**

**SUITABLE** match for a Gursikh Khatri Girl (23, 5'-6½"), fair, tall, slim, beautiful, devoted, divorcee, convent educated, doing post graduation in English. Father Govt. Contractor, two brothers, mother housewife, elders hailing from Rawalpindi, now settled in Chandigarh. ***Box:0092***

**SUITABLE** match for a Gursikh Khatri /Arora Boy (23, 5'-8"), B.Sc., Computer trained, convent educated, preparing for 3 years MBA course. Father has wholesale medical shop at Agra, mother teacher, one sister younger. ***Box: 0093***

**GURSIKH** match for Amritdhari Girl (26½,5'), M.A., Punjab Govt. Service, Chandigarh. Simple marriage, around Chandigarh preferred. ***Box:0094***

**SUITABLE** Gursikh match for Sethi undergraduate Girl (28, 5'-3"), fair complexion, smart. Residing Jalandhar City. ***Box: 0095***

**GURSIKH**, not more than 40, educated, well settled, issueless match for 30/5'-4" divorcee, M.A.(Music), B.Ed., girl. Doing Diploma in Computers, employed in Punjab Govt. office at Chandigarh. Send full details with date of birth, time & place and returnable photo at first instance. ***Box: 0096***

**GURMUKH** match for Arora (28, 5'-4") tenth pass, sweet, slim girl, expert in sewing and house hold etc. ***Box:0097***

**Contact : Sardar Harbhajan Singh, # 1246, Sector : 22 B, Chandigarh**



Regd. No. Chandigarh Div./42/99 RNI Regd. No. 46788/89 ISSN-002045


# ਇਲਾਹਾਬਾਦ ਬੈਂਕ

## ਵਿਸ਼ਵਾਸ ਦੀ ਪਰੰਪਰਾ

ਸਾਰੇ ਭਾਰਤ ਵਿੱਚ 2000
ਸ਼ਾਖਾਵਾਂ/ਦਫਤਰ ਦੇ ਨੈਟਵਰਕ ਨਾਲ

1865 ਤੋਂ ਦੇਸ਼
ਦੀ ਸੇਵਾ ਵਿੱਚ

## ਦੇਸ਼ਵਾਸੀਆਂ ਲਈ ਸਾਡੀਆਂ ਵੱਖ ਵੱਖ ਸਕੀਮਾਂ

**ਗਰੀਨ ਕਾਰਡ** ਉਨ੍ਹਾਂ ਕਿਸਾਨ ਵੀਰਾਂ ਲਈ ਜਿਹੜੇ ਕਿ ਜ਼ਮੀਨ ਦੇ ਅਸਲੀ ਮਾਲਕ ਹਨ।

- ਕਾਰ ਫਾਈਨੈਂਸ
- ਹਾਊਸਿੰਗ ਫਾਈਨੈਂਸ
- ਕੰਜ਼ਿਊਮਰ ਫਾਈਨੈਂਸ
- ਐਜੂਕੇਸ਼ਨ ਲੋਨ
- ਕਰੈਡਿਟ ਕਾਰਡ
- ਸੇਵਿੰਗ ਬੈਂਕ ਓਵਰ ਡਰਾਫਟ
- ਫਲੈਕਸੀਫਿਕਸ ਡਿਪਾਜ਼ਿਟ

- ਐਨ.ਆਰ.ਆਈ. ਵਰਗ ਲਈ ਵਿਸ਼ੇਸ਼ ਐਨ.ਆਈ. ਸ਼ਾਖਾ ਟੈਲੀਬੈਂਕਿੰਗ ਦੀ ਸੁਵਿਧਾ ਨਾਲ ਜਲੰਧਰ ਵਿਖੇ ਸੇਵਾ ਕਰ ਰਹੀ ਹੈ।
- ਇੰਟਰਨੈਸ਼ਨਲ ਉਦਯੋਗਿਕ ਵਿੱਤ ਸ਼ਾਖਾ ਅੰਤਰਰਾਸ਼ਟਰੀ ਵਪਾਰੀ ਵਰਗ ਲਈ ਟੈਲੀਬੈਂਕਿੰਗ ਦੀ ਸੁਵਿਧਾ ਨਾਲ ਲੁਧਿਆਣਾ ਵਿਖੇ ਸੇਵਾ ਕਰ ਰਹੀ ਹੈ।

ਵਧੇਰੇ ਜਾਣਕਾਰੀ ਲਈ ਆਪਣੇ ਨੇੜੇ ਦੀ ਸਾਡੀ ਕਿਸੇ ਵੀ ਸ਼ਾਖਾ ਨਾਲ ਸੰਪਰਕ ਕਰੋ।

# ਇਲਾਹਾਬਾਦ ਬੈਂਕ

ਮੁੱਖ ਦਫਤਰ - 2, ਨੇਤਾ ਜੀ ਸੁਭਾਸ਼ ਰੋਡ, ਕਲਕੱਤਾ - 700 001
ਖੇਤਰੀ ਦਫਤਰ : ਬੈਂਕ ਸੁਕੇਅਰ, ਸੈਕਟਰ 17-ਬੀ, ਚੰਡੀਗੜ੍ਹ।

"ALP - THE MARK OF QUALITY"

*A joint venture with Nishikawa Rubber Company of Japan*

*( World leading company in EPDM weatherstrips )*



**QUALITY SEALS FOR GLOBAL MARKET**

Manufacturers of specialised EPDM rubber, sponge and flock products for the automotive original equipment and building markets

*UNDER THE BRAND NAME OF ALP, WE MANUFACTURE*

- Flocked / PU Coated Glass Run Channels
- Celluar Profiles with Nylon Inserts
- PVC Trims
- Bus Body Building Profiles
- Windshield Rubber
- Co-extruded Profiles / Trims
- PVC Sponge Seals
- Building Profiles

**The profiles comply with the most advanced international standards. Some of our esteemed customers are GM, Toyota, Lancer Mitsubishi, Honda Daewoo, Suzuki, Telco.**

ALP

ANAND NISHIKAWA COMPANY LIMITED

**An ISO 9002 Company**

C - 10, Sector: 1, NOIDA (U.P.)

**Phone :** 0118 - 556528

**email :** anco.lalru@rmc.sprint.rpg.ems.vsnl.net.in

**Visit us at :** htto://www.indianauto.com/alp